# ਯਾਤਰਾ ਸਚਖੰਡ ਦੀ

ਜੋਗਿੰਦਰ ਸਿੰਘ ਸੇਠੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਯਾਤਰਾ ਸਚ ਖੰਡ ਦੀ

## (ਜਪੁ ਜੀ ਸਾਹਿਬ ਵਿਚ ਦਰਸਾਏ ਪੰਜ ਖੰਡਾਂ ਦੀ ਵਿਆਖਿਆ)

ਜੋਗਿੰਦਰ ਸਿੰਘ ਸੇਠੀ

ਗੁਰੂ ਤੇਗ਼ ਬਹਾਦਰ ਨਾਮ-ਸਿਮਰਨ ਫਾਊਂਡੇਸ਼ਨ
੩੦੩, ਐਵਰੀ ਟਾਵਰ-੧, ਜੂਹੂ ਰੋਡ,
ਬੰਬਈ—੪੦੦੦੪੯.

Digitized by Panjab Digital Library | www.panjabdigilib.org

# YATRA SACH KHAND DI
**by**
*JOGINDER SINGH SETHI*

ਪਹਿਲੀ ਵਾਰ : ਦਸੰਬਰ, ੧੯੯੧

ਭੇਟਾ : ੩੦ ਰੁਪਏ

**ਪ੍ਰਕਾਸ਼ਕ :**
ਗੁਰੂ ਤੇਗ਼ ਬਹਾਦਰ ਨਾਮ-ਸਿਮਰਨ ਫਾਊਂਡੇਸ਼ਨ
੩੦੩, ਐਵਰੀ ਟਾਵਰ-੧, ਜੂਹੂ ਰੋਡ,
ਬੰਬਈ—੪੦੦੦੪੯

**ਛਾਪਕ :**
ਛਾਬੜਾ ਕੰਪੋਜ਼ਿੰਗ ਹਾਊਸ
219, ਭਾਈ ਦਿੱਤ ਸਿੰਘ ਨਗਰ,
ਜਲੰਧਰ ਸ਼ਹਿਰ ।

Digitized by Panjab Digital Library | www.panjabdigilib.org

# ਵਿਸ਼ੇ-ਸੂਚੀ


| | | | |
|---|---|---|---|
| ਸਮਰਪਣ | ... | ... | ੫ |
| ਕੁਝ ਪ੍ਰਕਾਸ਼ਕ ਵਲੋਂ | ... | ... | ੭ |
| ਗੁਰ ਉਪਦੇਸ਼ | ... | ... | ੧੨ |
| ਧਰਮ ਖੰਡ | ... | ... | ੧੪ |
| ਗਿਆਨ ਖੰਡ | ... | ... | ੩੬ |
| ਸਰਮ ਖੰਡ | ... | ... | ੫੬ |
| ਕਰਮ ਖੰਡ | ... | ... | ੭੬ |
| ਸਚ ਖੰਡ | ... | ... | ੧੦੦ |


Digitized by Panjab Digital Library | www.panjabdigilib.org

**ਇਸੇ ਕਲਮ ਤੋਂ :**

ਸਿਮਰਨ ਕਿਦਾਂ ਕਰੀਏ

ਸਾਸਿ ਸਾਸਿ ਸਿਮਰਨ ਕਿਦਾਂ ਕਰੀਏ

ਸਿਮਰ ਸਹਾਈ ਸੁਝਾਉ

ਰਬ ਕਿਦਾਂ ਮਿਲਦਾ ਹੈ

੧ਓ ਤੋਂ ਗੁਰਪ੍ਰਸਾਦਿ ਤਕ

ਮੌਤ ਕੀ ਹੈ

ਬਾਲ ਬ੍ਰਹਮ ਗਿਆਨੀ ਅਰਜਨ ਦੇਵ ਗੁਰੂ

Digitized by Panjab Digital Library | www.panjabdigilib.org

## ਸਮਰਪਣ

ਮੇਰੇ ਵੀਰ ਭਾਪਾ ਅਵਤਾਰ ਸਿੰਘ ਜੀ ਸੇਠੀ

ਨੂੰ

ਜਿਨ੍ਹਾਂ ਨੇ ਗੁਰ ਉਪਦੇਸ਼ "ਘਾਲਿ ਖਾਇ ਕਿਛੁ ਹਥਹੁ ਦੇਹ"

ਨੂੰ

ਆਪਣੀ ਜੀਵਨ-ਜਾਚ ਬਣਾਇਆ ਤੇ ਨਿਭਾਇਆ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਕੁਝ ਪ੍ਰਕਾਸ਼ਕ ਵਲੋਂ

ਜਪੁ ਜੀ ਸਾਹਿਬ ਦੀ ਬਾਣੀ ਸਭ ਬਾਣੀਆਂ ਨਾਲੋਂ ਜ਼ਿਆਦਾ ਪੜ੍ਹੀ ਤੇ ਵਿਚਾਰੀ ਬਾਣੀ ਹੈ। ਕੋਈ ਵਿਰਲਾ ਹੀ ਹੋਏਗਾ ਜਿਸ ਨੇ ਇਸ ਬਾਣੀ ਦਾ ਪਾਠ ਨਾ ਕੀਤਾ ਹੋਏ। ਬਹੁਤ ਹੋਣਗੇ ਜਿਨ੍ਹਾਂ ਨੇ ਇਸ ਬਾਣੀ ਨੂੰ ੧੦੦੦/੨੦੦੦ ਵਾਰੀਂ ਪੜ੍ਹਿਆ ਹੋਏਗਾ। ਕਈ ਸੁਭਾਗੇ ਬਜ਼ੁਰਗ ਹੋਣਗੇ ਜਿਨ੍ਹਾਂ ਨੇ ਇਸ ਬਾਣੀ ਨੂੰ ੧੦੦੦੦/੧੫੦੦੦ ਵਾਰੀਂ ਪੜ੍ਹਿਆ ਹੋਏਗਾ। ਇਸ ਬਾਣੀ ਦੀ ਵਿਆਖਿਆ ਕਈ ਵਿਦਵਾਨਾਂ ਨੇ ਕੀਤੀ ਹੈ। ਇਸ ਦੇ ਕਈ ਟੀਕੇ ਹਨ ਤੇ ਕਈ ਭਾਸ਼ਾਵਾਂ ਵਿਚ ਹਨ। ਇਸ ਬਾਣੀ ਵਿਚ ਦਰਸਾਏ ਪੰਜ ਖੰਡਾਂ ਬਾਰੇ ਵੀ ਕਈ ਵਿਦਵਾਨਾਂ ਨੇ ਬੜੀ ਗੰਭੀਰਤਾ ਨਾਲ ਵਿਚਾਰ ਕੀਤੇ ਹਨ।

ਇਨ੍ਹਾਂ ਪੰਜਾਂ ਖੰਡਾਂ ਬਾਰੇ ਸਾਧ ਜੀ ਦੇ ਵਿਚਾਰ ਇਸ ਪੁਸਤਕ ਵਿਚ ਦਿੱਤੇ ਗਏ ਹਨ। ਆਪ ਜੀ ਦਾ ਬਿਆਨ ਸਿੱਧਾ ਤੇ ਆਮ ਬੋਲ-ਚਾਲ ਦੀ ਬੋਲੀ ਵਿਚ ਹੈ ਪਰ ਬਹੁਤ ਨਵੀਨ ਤੇ ਵਿਗਿਆਨਕ ਹੈ।

ਪੰਜ ਖੰਡਾਂ ਦਾ ਸਮੁੱਚਾ ਭਾਵ ਸਾਨੂੰ ਧਰਮ ਬਾਰੇ ਸਮਝਾ ਕੇ ਧਰਮ ਕਮਾਣ ਲਈ ਪ੍ਰੇਰਤ ਕਰਨਾ ਹੈ। **ਧਰਮ ਖੰਡ** ਵਿਚ ਸਾਡੇ ਅਨੁਭਵ ਵਿਚ ਆਈਆਂ ਘਟਨਾਵਾਂ ਦਾ ਜ਼ਿਕਰ ਕਰਕੇ ਗੁਰੂ ਜੀ ਸਾਨੂੰ ਸਮਝਾਂਦੇ ਹਨ ਕਿ ਹੇ ਮਨੁੱਖ! ਤੂੰ ਵੀ ਹੋਰ ਜੀਆਂ-ਜੰਤਾਂ ਵਾਂਗ ਆਪਣਾ ਧਰਮ ਕਮਾ। ਪਰ ਧਰਮ ਕੀ ਹੈ?



Digitized by Panjab Digital Library | www.panjabdigilib.org

ਧਰਮ ਬਾਰੇ ਦੱਸਿਆ ਗਿਆ ਹੈ ਕਿ ਇਹ ਕਿਸੇ ਵਸਤੂ/ਪ੍ਰਾਣੀ ਦਾ ਸੁਭਾ ਦਸਦਾ ਹੈ ਤੇ ਇਹ ਸੁਭਾ ਦੇਸ਼ ਤੇ ਕਾਲ ਦੀ ਬੰਦਸ਼ ਤੋਂ ਪਰੇ ਹੁੰਦਾ ਹੈ। ਜਿਵੇਂ ਪਾਣੀ ਦਾ ਸੁਭਾ (ਧਰਮ) ਨੀਵੇਂ ਪਾਸੇ ਵਲ ਵਗਣਾ ਹੈ ਤੇ ਅਗਨੀ ਦਾ ਸੁਭਾ ਉਪਰਲੇ ਪਾਸੇ ਵਲ ਜਾਣਾ ਹੈ। ਪਾਣੀ ਜਾਂ ਅਗਨੀ ਆਪਣਾ ਧਰਮ (ਸੁਭਾ) ਕਾਇਮ ਰਖਦੇ ਹਨ। ਰਾਤ ਦਾ ਧਰਮ ਹੈ ਹਨੇਰਾ ਦੇਣਾ, ਬਰਖਾ ਰੁੱਤ ਦਾ ਧਰਮ ਹੈ ਆਪਣੇ ਨੀਯਤ ਸਮੇਂ ਤੇ ਬਾਰਸ਼ ਦੇਣਾ, ਵਾਰ ਦਾ ਧਰਮ ਹੈ ਸਤ ਦਿਨਾਂ ਵਿਚ ਇਕੋ ਵਾਰੀ ਆਉਣਾ। ਧਰਤੀ ਦਾ ਧਰਮ ਹੈ ਸੂਰਜ ਦੁਆਲੇ ਕਰੀਬਨ ੩੬੫ ਦਿਨਾਂ ਵਿਚ ਆਪਣਾ ਚੱਕਰ ਪੂਰਾ ਕਰ ਦੇਣਾ। ਸਭ ਆਪਣਾ ਧਰਮ ਨਿਭਾਉਂਦੇ ਹਨ। ਸਿਰਫ ਮਨੁੱਖ ਹੀ ਆਪਣਾ ਧਰਮ ਨਹੀਂ ਨਿਭਾਉਂਦਾ। ਗੁਰੂ ਜੀ ਸਾਨੂੰ ਦਸਦੇ ਹਨ ਕਿ ਸਾਰੀ ਧਰਤੀ, ਉਸ ਦਾ ਵਾਯੂ ਮੰਡਲ (ਪਵਨ, ਪਾਣੀ, ਅਗਨੀ, ਪਾਤਾਲ) ਤੇ ਉਸ ਵਿਚ ਵਸਦੇ ਸਾਰੇ ਜੀਅ ਜੰਤ ਆਪਣਾ ਧਰਮ ਨਿਭਾ ਰਹੇ ਹਨ। ਗੁਰੂ ਜੀ ਮਨੁੱਖ ਨੂੰ ਕਹਿੰਦੇ ਹਨ ਕਿ ਤੂੰ ਵੀ ਆਪਣਾ ਧਰਮ ਕਮਾ। ਮਨੁੱਖ ਦਾ ਧਰਮ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪੰਨੇ ਦੀ ਪਹਿਲੀ ਸਤਰ ਤੇ ਦਰਸਾਇਆ ਗਿਆ ਹੈ। ਇਹ ਹੈ ਮੂਲ ਮੰਤਰ। ਮਨੁੱਖ ਨੂੰ ਇਸ ਵਿਚ ਦਰਸਾਏ ਗੁਣਾਂ ਦਾ ਧਾਰਨੀ ਹੋਣਾ ਹੈ। ਉਸ ਨੂੰ ਸਚਿਆਰਾ ਹੋਣਾ ਹੈ, ਕਰਤਾ-ਰਹਿਤ ਹੋਣਾ ਹੈ, ਨਿਰਭਉ ਬਨਣਾ ਹੈ, ਨਿਰਵੈਰ ਹੋਣਾ ਹੈ, ਮੌਤ ਤੇ ਜੇਤੂ ਹੋਣਾ ਹੈ, ਜੂਨਾਂ ਦੇ ਗੇੜੇ ਤੋਂ ਪਾਰ ਜਾਣਾ ਹੈ ਤੇ ਆਪਣਾ ਸਵਰੂਪ ਪਛਾਨਣਾ ਹੈ। ਇਹ ਜੀਵਨ ਤੇ ਇਹ ਧਰਤੀ ਇਸ ਧਰਮ ਨੂੰ ਕਮਾਉਣ ਲਈ ਹੈ ਕਿਉਂਕਿ

"ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥"

**ਗਿਆਨ ਖੰਡ** ਦੀ ਪਉੜੀ ਵਿਚ ਦੱਸਿਆ ਗਿਆ ਹੈ ਕਿ ਧਰਤੀ ਇਕ ਨਹੀਂ ਬਲਕਿ ਕਈ ਹਨ, ਸੂਰਜ ਇਕ ਨਹੀਂ ਬਲਕਿ ਕਈ ਹਨ। ਗੁਰੂ ਜੀ ੫੦੦ ਸਾਲ ਪਹਿਲਾਂ ਦਸਦੇ ਹਨ ਕਿ ਕਈ ਸੂਰਜ ਹਨ ਤੇ ਕਈ ਧਰਤੀਆਂ ਹਨ, ਜਦੋਂ ਦੁਨੀਆਂ ਸਮਝਦੀ ਸੀ ਕਿ ਧਰਤੀ ਇਕ ਹੈ ਤੇ ਸੂਰਜ ਵੀ ਇਕ ਹੈ। ਗੁਰੂ ਜੀ ਨੇ ਦੱਸਿਆ ਹੈ ਕਿ ਧਰਤੀ ਲਾਟੂ ਵਾਂਗ ਗੋਲ ਹੈ, ਜਦੋਂ ਸਾਰੀ ਦੁਨੀਆ ਸਮਝਦੀ ਸੀ ਕਿ ਧਰਤੀ ਚਪਟੀ ਹੈ। ਗੁਰੂ ਜੀ ਨੇ ਦੱਸਿਆ ਕਿ ਧਰਤੀ ਵਾਹਿਗੁਰੂ ਦੇ ਹੁਕਮ (Gravitation) ਵਿਚ ਥੰਮੀ ਹੈ, ਜਦੋਂ ਸਾਡਾ ਦੇਸ਼ ਸਮਝਦਾ ਸੀ ਕਿ ਧਰਤੀ ਬਲਦ ਦੇ ਸਿੰਗ ਉੱਪਰ ਖਲੋਤੀ ਹੈ। ਗੁਰੂ ਜੀ ਨੇ ਵਿਗਿਆਨ ਦੀਆਂ ਸਚਾਈਆਂ ਦਾ



Digitized by Panjab Digital Library | www.panjabdigilib.org

ਉਦੋਂ ਜ਼ਿਕਰ ਕੀਤਾ ਜਦੋਂ ਸੰਸਾਰ ਅਗਿਆਨਤਾ ਵਿਚ ਫਸਿਆ ਪਿਆ ਸੀ। ਕ੍ਰਿਸ਼ਨ ਭਗਵਾਨ ਨੇ ਆਪਣਾ ਮੂੰਹ ਖੋਲ੍ਹ ਕੇ ਅਰਜਨ ਨੂੰ ਬ੍ਰਹਿਮੰਡ ਦੇ ਦਰਸ਼ਨ ਕਰਾਏ ਸਨ। ਇਸੇ ਤਰ੍ਹਾਂ ਹੀ ਗੁਰੂ ਨਾਨਕ ਦੇਵ ਜੀ ਗਿਆਨ ਖੰਡ ਦੀ ਪਉੜੀ ਰਚ ਕੇ ਸਾਨੂੰ ਸਾਰੇ ਬ੍ਰਹਮੰਡ ਦੇ ਦਰਸ਼ਨ ਕਰਾਉਂਦੇ ਹਨ। ਆਪ ਜੀ ਕਹਿੰਦੇ ਹਨ "ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ"। ਗੁਰੂ ਜੀ ਕਈ ਚੰਨ-ਸੂਰਜਾਂ ਦੇ ਦਰਸ਼ਨ ਕਰਾਉਂਦੇ ਹਨ ਤੇ ਕਹਿੰਦੇ ਹਨ ਕਿ ਇਨ੍ਹਾਂ ਦੇ ਦੇਵੀ-ਦੇਵਤੇ ਆਪਣਾ ਆਪਣਾ ਧਰਮ ਕਮਾ ਰਹੇ ਹਨ ਤੇ ਮਨੁੱਖ ਨੂੰ ਉਪਦੇਸ਼ ਦੇਂਦੇ ਹਨ ਕਿ ਤੂੰ ਵੀ ਆਪਣਾ ਧਰਮ ਕਮਾ। ਗੁਰੂ ਜੀ ਇਹ ਵੀ ਲਾਲਚ ਦੇਂਦੇ ਹਨ ਕਿ ਜੇ ਤੂੰ ਆਪਣਾ ਧਰਮ ਕਮਾਏਂਗਾ ਤਾਂ ਤੈਨੂੰ "ਨਾਦ ਬਿਨੋਦ ਕੋਡ ਅਨੰਦ" ਦੀ ਪ੍ਰਾਪਤੀ ਹੋਏਗੀ।

ਇਹ ਸਮਝਾ ਕੇ ਗੁਰੂ ਜੀ ਸਾਨੂੰ **ਸਰਮ ਖੰਡ** ਵਿਚ ਲੈ ਆਉਂਦੇ ਹਨ ਤੇ ਕਹਿੰਦੇ ਹਨ ਕਿ ਹੁਣ ਸਰਮ (ਮਿਹਨਤ) ਕਰੋ, ਸਿਮਰਨ ਕਰੋ, ਸੇਵਾ ਕਰੋ, ਪਾਠ ਕਰੋ, ਕੀਰਤਨ ਵਿਚ ਜੁੜੋ, ਧਰਮ ਕਮਾਉ। ਧਰਮ ਦੀ ਯਾਤਰਾ ਚਾਰ ਰਾਹਾਂ ਤੋਂ ਹੋ ਸਕਦੀ ਹੈ। ਉਹ ਰਾਹ ਹਨ—ਧਿਆਨ, ਸੇਵਾ, ਭਗਤੀ ਤੇ ਗਿਆਨ। ਇਨ੍ਹਾਂ ਰਾਹਾਂ ਨੂੰ "ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ" ਕਹਿ ਕੇ ਦਰਸਾਇਆ ਗਿਆ ਹੈ। ਜੋਗੀਆਂ ਨੇ ਧਿਆਨ, ਇਸਾਈਆਂ ਨੇ ਸੇਵਾ, ਹਿੰਦੂਆਂ ਨੇ ਭਗਤੀ ਤੇ ਪੰਡਤਾਂ ਨੇ ਗਿਆਨ ਮਾਰਗ ਅਪਨਾਇਆ। ਸਿੱਖੀ ਵਿਚ ਚਾਰੇ ਮਾਰਗ ਸਮਾ ਜਾਂਦੇ ਹਨ। ਗੁਰਸਿੱਖ ਸਵੇਰੇ ਉਠ ਕੇ **ਧਿਆਨ** (ਸਿਮਰਨ) ਕਰਦਾ ਹੈ, ਫਿਰ **ਗਿਆਨ** ਕਰਦਾ ਹੈ (ਨਿਤਨੇਮ ਦੀਆਂ ਬਾਣੀਆਂ ਪੜ੍ਹ ਤੇ ਵਿਚਾਰ ਕੇ), ਗੁਰਦੁਆਰੇ ਜਾ ਕੇ **ਭਗਤੀ** (ਕਥਾ-ਕੀਰਤਨ) ਵਿਚ ਜੁੜ ਜਾਂਦਾ ਹੈ ਤੇ ਅੰਤ ਵਿਚ **ਸੇਵਾ** (ਗੁਰੂ ਦੀ, ਗੁਰਦੁਆਰੇ ਦੀ, ਸਾਧ-ਸੰਗਤ ਦੀ) ਕਰਦਾ ਹੈ। ਇਵੇਂ ਸਰਮ ਕਰਕੇ ਸਿੱਖ ਗੁਰੂ ਦੇ ਦੁਆਰੇ ਅਪੜ ਜਾਂਦਾ ਹੈ ਪਰ ਇਥੇ ਪਹੁੰਚ ਕੇ ਦੇਖਦਾ ਹੈ ਕਿ ਦੁਆਰ ਬੰਦ ਹੈ। ਹੁਣ ਕੀ ਕਰੇ ?

ਗੁਰੂ ਜੀ ਕਹਿੰਦੇ ਹਨ ਕਿ ਉਸ ਦੀ ਕਿਰਪਾ ਮੰਗੋ, ਦਰਸ਼ਨ ਲਈ ਰੋਵੋ, ਦੁਆਰ ਖੋਲ੍ਹਣ ਲਈ ਤਰਲੇ ਪਾਉ ਕਿਉਂਕਿ ਦੁਆਰ ਉਸ ਦੀ ਮਰਜ਼ੀ ਨਾਲ ਹੀ ਖੁਲ੍ਹ ਸਕਦਾ ਹੈ। ਇਹੀ ਹੈ **ਕਰਮ ਖੰਡ** ਦਾ ਸਾਰ। ਦੱਸਿਆ ਗਿਆ ਹੈ ਕਿ ਅਸਲ ਵਿਚ ਦੁਆਰ ਬੰਦ ਨਹੀਂ, ਢੋਇਆ ਹੋਇਆ ਹੈ। ਪਰ ਸਾਡੀ ਅੱਖ ਤੇ ਹਉਮੈਂ ਦੀ ਪੱਟੀ



Digitized by Panjab Digital Library | www.panjabdigilib.org

ਪਈ ਹੋਈ ਹੈ ਜਿਸ ਕਰਕੇ ਸਾਨੂੰ ਅਸਲੀਅਤ ਦਾ ਪਤਾ ਨਹੀਂ ਲਗਦਾ। ਅਰਦਾਸ ਕਰਨ ਨਾਲ ਸਾਨੂੰ ਇਸ ਗੱਲ ਦੀ ਸੋਝੀ ਪੈਂਦੀ ਹੈ। ਉਸ ਦੇ ਕਰਮ ਦੀ ਸਾਡੇ ਤੇ ਬਖਸ਼ਿਸ਼ ਹੋ ਜਾਂਦੀ ਹੈ। ਇਸ ਸਬੰਧ ਵਿਚ ਸਾਧ ਜੀ ਨੇ ਦੱਸਿਆ ਹੈ ਕਿ ਸਫਲਤਾ ਲਈ ਤਿੰਨ ਗੁਣਾਂ ਦੀ ਲੋੜ ਹੈ—ਉਤਸ਼ਾਹ, ਉੱਦਮ ਤੇ ਉਡੀਕ। ਅਸੀਂ ਉਤਸ਼ਾਹ ਦਿਖਾਇਆ ਤੇ ਉੱਦਮ ਕੀਤਾ। ਹੁਣ ਕਰਮ ਦੀ ਉਡੀਕ ਕਰੋ। ਸਰਮ ਕਰੋ ਤੇ ਕਰਮ ਮੰਗੋ। ਜਿਵੇਂ ਕਿ ਪ੍ਰੇਮ ਇਕ ਤਰਫਾ ਨਹੀਂ ਹੋ ਸਕਦਾ ਕਿਉਂਕਿ ਇਸ ਲਈ ਦੋਹਾਂ ਦੀ ਰਜ਼ਾਮੰਦੀ ਚਾਹੀਦੀ ਹੈ, ਇਸੇ ਤਰ੍ਹਾਂ ਹੀ ਭਗਤ ਭਗਵਾਨ ਦੇ ਪ੍ਰੇਮ ਲਈ ਸਿਰਫ ਅਰਜ਼ੋਈ ਕਰ ਸਕਦਾ ਹੈ ਤੇ ਉਡੀਕ ਸਕਦਾ ਹੈ।

ਇਸ ਪਉੜੀ ਵਿਚ ਰਾਮ ਤੇ ਸੀਤਾ ਦੇ ਪ੍ਰੇਮ ਦਾ ਜ਼ਿਕਰ ਵੀ ਆਉਂਦਾ ਹੈ। ਸਾਧ ਜੀ ਨੇ ਦੱਸਿਆ ਹੈ ਕਿ ਸੀਤਾ ਜੀਵ ਰੂਪੀ ਇਸਤਰੀ ਹੈ, ਰਾਮ ਵਾਹਿਗੁਰੂ ਹੈ ਤੇ ਰਾਵਣ ਸਾਡੀਆਂ ਇੱਛਾਵਾਂ ਹਨ। ਰਾਵਣ ਧਨਵਾਨ ਹੈ ਕਿਉਂਕਿ ਉਸ ਦੀ ਸਾਰੀ ਨਗਰੀ ਸੋਨੇ ਦੀ ਬਣੀ ਹੋਈ ਹੈ, ਉਹ ਵੱਡੀ ਪਦਵੀ ਦਾ ਮਾਲਕ ਹੈ ਕਿਉਂਕਿ ਇੰਦਰ ਦੇਵਤਾ ਇਸ ਦੇ ਦਰਬਾਰ ਵਿਚ ਝਾੜੂ ਦੇਂਦਾ ਹੈ ਤੇ ਬਸੰਤਰ ਦੇਵਤਾ ਇਸ ਦੀ ਰਸੋਈ ਪਕਾਉਂਦਾ ਹੈ। ਉਹ ਮਹਾਂਬਲੀ ਹੈ ਕਿਉਂਕਿ ਮੌਤ ਵੀ ਉਸ ਦੇ ਕਬਜ਼ੇ ਵਿਚ ਹੈ। ਜਿਸ ਤਰ੍ਹਾਂ ਰਾਵਣ ਸੀਤਾ ਨੂੰ ਆਪਣੀ ਪਦਵੀ, ਧਨ ਤੇ ਛਲ ਨਾਲ ਪ੍ਰਭਾਵਤ ਕਰਨਾ ਤੇ ਆਪਣੇ ਕਬਜ਼ੇ ਵਿਚ ਰੱਖਣਾ ਚਾਹੁੰਦਾ ਹੈ, ਇਸੇ ਤਰ੍ਹਾਂ ਹੀ ਸਾਡੀਆਂ ਕਾਮਨਾਵਾਂ ਧਨ-ਪਦ ਦਾ ਲੋਭ ਦੇ ਕੇ ਸਾਨੂੰ ਆਪਣੇ ਕਬਜ਼ੇ ਵਿਚ ਰੱਖਣਾ ਚਾਹੁੰਦੀਆਂ ਹਨ। ਪਰ ਜੀਵ-ਰੂਪੀ ਇਸਤਰੀ ਨੇ ਸਰਮ ਕੀਤਾ ਹੈ, ਕਰਮ ਲਈ ਅਰਜ਼ੋਈ ਕੀਤੀ ਹੈ ਤੇ ਰਾਵਣ ਦੇ ਲੋਭ ਵਿਚ ਨ ਫਸ ਕੇ ਆਪਣੇ ਰਾਮ ਨੂੰ ਪਾਇਆ ਹੈ। ਪਰ ਇਹ ਪਾਉਣਾ ਵਾਹਿਗੁਰੂ ਦੇ ਸਾਕਾਰ ਰੂਪ ਨੂੰ ਪਾਉਣਾ ਹੈ।

**ਸੱਚ ਖੰਡ** ਵਿਚ ਵਾਹਿਗੁਰੂ ਦਾ ਨਿਰ-ਆਕਾਰ ਰੂਪ ਹੈ "ਸਚ ਖੰਡਿ ਵਸੈ ਨਿਰੰਕਾਰੁ"। ਜਿਸ ਤਰ੍ਹਾਂ ਵਾਹਿਗੁਰੂ ਸਭ ਜਗ੍ਹਾ ਹੈ ਇਸ ਤਰ੍ਹਾਂ ਹੀ ਉਸ ਦਾ ਨਿਰ-ਅਕਾਰ ਰੂਪ ਵੀ ਸਭ ਹਿਰਦਿਆਂ ਵਿਚ ਹੈ। ਇਸ ਲਈ ਸਾਰੀ ਕਾਇਨਾਤ ਹੀ ਸਚ ਖੰਡ ਹੈ। ਪਰ ਇਹ ਸੁਣੀ ਸੁਣਾਈ ਗਲ ਹੈ। ਜਦੋਂ ਕਿਸੇ ਵਿਚ ਉਸ ਦਾ ਨਿਰ-ਆਕਾਰ ਰੂਪ ਪ੍ਰਗਟ ਹੋ ਜਾਂਦਾ ਹੈ ਤਾਂ ਉਸ ਦਾ ਹਿਰਦਾ ਸਚੀਂ-ਮੁਚੀਂ ਸਚ ਖੰਡ ਹੋ ਜਾਂਦਾ ਹੈ।



Digitized by Panjab Digital Library | www.panjabdigilib.org

ਇਹ ਕਿਤਾਬ ਸਾਧ ਜੀ ਦੇ ਪੰਜ ਲੈਕਚਰਾਂ ਤੇ ਆਧਾਰਿਤ ਹੈ ਜਿਹੜੇ ਆਪ ਜੀ ਨੇ ਗੁਰਦੁਆਰਾ ਧਨ-ਪੋਠੋਹਾਰ ਨਗਰ, ਬੰਬਈ (ਸਾਂਤਾ-ਕਰੂਜ਼) ਵਿਖੇ ਦਿੱਤੇ। ਸਾਨੂੰ ਆਸ ਹੈ ਕਿ ਸਾਡੀਆਂ ਹੋਰ ਪੁਸਤਕਾਂ ਵਾਂਗ ਇਹ ਪੁਸਤਕ ਵੀ ਆਪ ਜੀ ਨੂੰ ਪਸੰਦ ਆਏਗੀ।

ਅੱਜ ਗੁਰੂ ਤੇਗ ਬਹਾਦੁਰ ਸਾਹਿਬ ਜੀ ਦਾ ਸ਼ਹੀਦੀ ਪੁਰਬ ਹੈ। ਆਉ ਅਸੀਂ ਆਪਣੇ ਧਰਮ ਨੂੰ ਸਮਝੀਏ, ਉਸ ਨੂੰ ਜੀਵਨ ਜਾਚ ਬਨਾਉਣ ਲਈ ਸਰਮ ਕਰੀਏ ਤੇ ਵਾਹਿਗੁਰੂ ਅਗੇ ਉਸ ਦੇ ਕਰਮ ਲਈ ਅਰਦਾਸ ਕਰੀਏ ਤੇ ਮੰਗੀਏ ਕਿ ਸੱਚੇ ਪਾਤਸ਼ਾਹ ਸਾਨੂੰ ਵੀ ਸਚ ਖੰਡ ਦੇ ਰਾਹੇ ਪਾਉ।

ਸੁਰਜੀਤ ਕੌਰ
ਸਕੱਤਰ।

ਗੁਰੂ ਤੇਗ਼ ਬਹਾਦੁਰ ਨਾਮ ਸਿਮਰਨ ਫਾਉਂਡੇਸ਼ਨ,
੩੦੩, ਐਵਰੀ ਟਾਵਰ—੧, ਜੂਹੂ ਰੋਡ,
ਬੰਬਈ, ੪੦੦੦੪੯.
੧੧ ਦਸੰਬਰ, ੧੯੯੧.



Digitized by Panjab Digital Library | www.panjabdigilib.org

# ਗੁਰ ਉਪਦੇਸ਼

**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥**

**ਗਉੜੀ ਸੁਖਮਨੀ ਮਹਲਾ ੫ ॥**

ਸਰਬ ਧਰਮ ਮਹਿ ਸ੍ਰੇਸਟ ਧਰਮੁ ।
ਹਰਿ ਕੋ ਨਾਮ ਜਪਿ ਨਿਰਮਲ ਕਰਮੁ ॥
ਸਗਲ ਕ੍ਰਿਆ ਮਹਿ ਊਤਮ ਕਿਰਿਆ ।
ਸਾਧ ਸੰਗਿ ਦੁਰਮਤਿ ਮਲੁ ਹਿਰਿਆ ॥
ਸਗਲ ਉਦਮ ਮਹਿ ਉਦਮੁ ਭਲਾ ।
ਹਰਿ ਕਾ ਨਾਮੁ ਜਪਹੁ ਜੀਅ ਸਦਾ ॥
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ।
ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥
ਸਗਲ ਥਾਨ ਤੇ ਓਹੁ ਊਤਮ ਥਾਨੁ ।
ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥

(ਪੰਨਾ ੨੬੬)



Digitized by Panjab Digital Library | www.panjabdigilib.org

## ਜਪੁ ਜੀ ਸਾਹਿਬ—੩੪ਵੀਂ ਪਉੜੀ
## ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥

ਰਾਤੀ ਰੁਤੀ ਥਿਤੀ ਵਾਰ ॥
ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥
ਨਾਨਕ ਗਇਆ ਜਾਪੈ ਜਾਇ ॥ ੩੪ ॥

(ਪੰਨਾ ੭)



Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ

# ੧

# ਧਰਮ ਖੰਡ ਕਾ ਏਹੋ ਧਰਮੁ ॥

**ਸਵਾਲ :** ਸਾਧ ਜੀ, ਜਪੁ ਜੀ ਸਾਹਿਬ ਵਿਚ ਜਿਹੜੇ ਪੰਜ ਖੰਡਾਂ ਦਾ ਜ਼ਿਕਰ ਆਉਂਦਾ ਹੈ, ਉਸ ਬਾਰੇ ਕੁਝ ਦੱਸੋ।

**ਜਵਾਬ :** ਜਪੁ ਜੀ ਸਾਹਿਬ ਦੀ ਅਖੀਰਲੀ ਤੋਂ ਪਹਿਲੀਆਂ ਚਾਰ ਪਾਉੜੀਆਂ (੩੪ ਤੋਂ ੩੭) ਵਿਚ ਇਨ੍ਹਾਂ ਪੰਜ ਖੰਡਾਂ ਦਾ ਜ਼ਿਕਰ ਆਉਂਦਾ ਹੈ। ਇਸ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਜਾਨਣਾ ਚੰਗਾ ਹੋਏਗਾ ਕਿ ਜਪੁ ਜੀ ਸਾਹਿਬ ਦੀ ਬਾਣੀ ਕਦੋਂ ਉਚਾਰੀ ਗਈ ਤੇ ਸ਼ਬਦ 'ਪਉੜੀ' ਦਾ ਕੀ ਅਰਥ ਹੈ।

ਜਪੁ ਜੀ ਸਾਹਿਬ ਦੇ ਜਨਮ ਬਾਰੇ ਸਿਆਣਿਆਂ ਦੇ ਦੋ ਮਤ ਹਨ। ਕਈਆਂ ਦਾ ਖਿਆਲ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਨੂੰ ਵਈਂ ਨਦੀ ਦੇ ਕੰਢੇ ਵਾਹਿਗੁਰੂ ਦੇ ਦਰਸ਼ਨ ਹੋਏ ਤਾਂ ਗੁਰੂ ਜੀ ਨੇ ਜੋ ਅਨੁਭਵ ਕੀਤਾ, ਜੋ ਵੇਖਿਆ, ਜੋ ਸਮਝਿਆ, ਜੋ ਸਮਝਾਉਣਾ ਚਾਹਿਆ, ਉਸ ਦਾ ਪ੍ਰਗਟਾਵਾ ਜਪੁ ਜੀ ਸਾਹਿਬ ਦੀ ਬਾਣੀ ਵਿਚ ਹੋਇਆ। ਯਾਨੀ ਇਹ ਬਾਣੀ ਗੁਰੂ ਜੀ ਦੀ ਪਹਿਲੀ ਬਾਣੀ ਹੈ। ਹੋਰਨਾਂ ਦਾ ਵਿਚਾਰ



Digitized by Panjab Digital Library | www.panjabdigilib.org

ਹੈ ਕਿ ਇਹ ਬਾਣੀ ਗੁਰੂ ਜੀ ਦੀ ਅੰਤਮ ਬਾਣੀ ਹੈ ਜਿਹੜੀ ਗੁਰੂ ਜੀ ਨੇ ਸਰੀਰ ਤਿਆਗਣ ਸਮੇਂ, ਸੰਗਤਾਂ ਦੀ ਬੇਨਤੀ ਤੇ, ਉਨ੍ਹਾਂ ਦੇ ਹਿੱਤ ਲਈ, ਉਚਾਰੀ। ਆਸ਼ਾ ਸੀ ਕਿ ਸਿੱਖ ਇਸ ਬਾਣੀ ਨੂੰ ਨਿਤ-ਪ੍ਰਤੀ ਪੜ੍ਹ ਸਕਣ, ਸਮਝ ਸਕਣ ਤੇ ਆਪਣਾ ਉਧਾਰ ਕਰ ਸਕਣ। ਮੇਰਾ ਜ਼ਾਤੀ ਖਿਆਲ (ਜਿਹੜਾ ਕਿ ਬਾਣੀ ਦੇ ਅੰਦਰਲੇ ਵਿਚਾਰ ਤੇ ਇਸ ਦੀ ਤਰਤੀਬ ਤੇ ਆਧਾਰਤ ਹੈ) ਹੈ ਕਿ ਇਹ ਗੁਰੂ ਜੀ ਦੀ ਪਹਿਲੀ ਰਚਨਾ ਹੈ। ਪਰ ਇਸ ਗੱਲ ਦਾ ਕੋਈ ਖਾਸ ਮਹੱਤਵ ਨਹੀਂ ਕਿ ਇਹ ਬਾਣੀ ਕਦੋਂ ਰਚੀ ਗਈ। ਇਸ ਵਿਚ ਇਤਿਹਾਸਕਾਰਾਂ ਦੀ ਰੁਚੀ ਹੋਣੀ ਚਾਹੀਦੀ ਹੈ। ਮੈਂ ਇਹ ਗੱਲ ਸਿਰਫ਼ ਤੁਹਾਡੀ ਜਾਣਕਾਰੀ ਲਈ ਕਹੀ ਹੈ। ਸਾਡੀ ਰੁਚੀ ਇਸ ਵਿਚ ਨਹੀਂ ਕਿ ਬਾਣੀ ਕਦੋਂ ਰਚੀ ਗਈ ਬਲਕਿ ਇਸ ਵਿਚ ਹੈ ਕਿ ਬਾਣੀ ਵਿਚ ਕੀ ਕਿਹਾ ਗਿਆ। ਇਸ ਦੀਆਂ ੩੮ ਪਉੜੀਆਂ ਸਾਨੂੰ ਕੀ ਉਪਦੇਸ਼ ਦੇਂਦੀਆਂ ਹਨ?

ਸ਼ਬਦ 'ਪਉੜੀ' ਦਾ ਸਾਧਾਰਣ ਅਰਥ ਹੈ "ਜ਼ੀਨਾ, ਪਰਸਾਂਗ, ਲੈਡਰ, ਉਹ ਰਾਹ ਜਿਸ ਰਾਹੀਂ ਅਸੀਂ ਨੀਵੀਂ ਪੱਧਰ ਤੋਂ ਉੱਚੀ ਪੱਧਰ ਤੇ ਪਹੁੰਚਦੇ ਹਾਂ।" ਇਸ ਪਉੜੀ ਦੀ ਵਰਤੋਂ ਕਰ ਕੇ ਅਸੀਂ ਜ਼ਮੀਨ ਤੋਂ ਪਹਿਲੀ-ਦੂਸਰੀ ਮੰਜ਼ਿਲ ਤਕ ਜਾਂਦੇ ਹਾਂ, ਜ਼ਮੀਨ ਤੋਂ ਛੱਤ ਤੱਕ ਚੜ੍ਹਦੇ ਹਾਂ। ਪਰ ਜਪੁ ਜੀ ਸਾਹਿਬ, ਜਾਂ ਹੋਰ ਬਾਣੀਆਂ ਵਿਚ ਵਰਤਿਆ ਸ਼ਬਦ 'ਪਉੜੀ' ਦਾ ਇਸ ਤਰ੍ਹਾਂ ਅਰਥ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਦੇ ਅਰਥ ਦਾ ਮਤਲਬ ਹੋਏਗਾ ਕਿ ੩੪ਵੀਂ ਪਉੜੀ ਪਹਿਲੀ ਪਉੜੀ ਤੋਂ ਬਹੁਤ ਉੱਚੀ ਹੈ। ੩੮ਵੀਂ ਪਉੜੀ ੩੪ਵੀਂ ਪਉੜੀ ਤੋਂ ਉੱਪਰ ਹੈ। ਪਰ ਸਾਰੀਆਂ ਪਉੜੀਆਂ ਤਾਂ ਬਰਾਬਰ ਹਨ, ਕੋਈ ਇਕ ਦੂਸਰੇ ਨਾਲੋਂ ਉੱਚੀ ਜਾਂ ਚੰਗੀ ਨਹੀਂ। ਸਾਰੀਆਂ ਹੀ ਮਹਾਨ ਹਨ, ਉੱਚੀਆਂ ਹਨ। ਗੁਰਬਾਣੀ ਦੀਆਂ ਸਾਰੀਆਂ ਪਉੜੀਆਂ ਹੀ ਪ੍ਰਸਪਰ ਬਰਾਬਰ ਹਨ। ਹਾਂ, ਇਸ ਅਰਥ ਵਿਚ "ਹਰ ਸ਼ਬਦ" ਪਉੜੀ ਹੈ ਕਿਉਂਕਿ ਇਹ ਸਾਨੂੰ ਸਾਡੀ **ਸੰਸਾਰਿਕ** ਅਵਸਥਾ ਤੋਂ ਚੁਕ ਕੇ ਉੱਚੀ **ਅਧਿਆਤਮਕ** ਅਵਸਥਾ ਵਿਚ ਪਹੁੰਚਾਉਂਦੀ ਹੈ। ਇਸ ਅਰਥ ਵਿਚ ਸਾਰੀ ਗੁਰਬਾਣੀ ਹੀ ਇਕ ਪਉੜੀ ਹੈ, ਸਾਨੂੰ ਨਰਕ ਤੋਂ ਸੁਰਗ ਲਿਜਾਣ ਵਾਲੀ। ਪਰ ਇਕ ਪਉੜੀ ਦਾ ਦੂਸਰੀ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ।

ਪਉੜੀ ਦਾ ਦੂਸਰਾ ਅਰਥ ਹੈ, "ਪੜਾਉ, ਰੁਕਾਉ, ਠਹਿਰਾਉ, ਵਿਚਾਰ



Digitized by Panjab Digital Library | www.panjabdigilib.org

ਦਾ ਮੋੜ, ਪੈਰਾ", ਆਦਿ। ਲਿਖਦੇ ਜਾਂ ਬੋਲਦੇ ਸਮੇਂ ਜਦੋਂ ਅਸੀਂ ਇਕ ਵਿਚਾਰ ਤੋਂ ਦੂਸਰੇ ਵਿਚਾਰ ਵਲ ਜਾਂਦੇ ਹਾਂ, ਜਦੋਂ ਸਾਡਾ ਵਿਚਾਰ ਮੋੜ ਖਾਂਦਾ ਹੈ, ਤਾਂ ਅਸੀਂ ਬੋਲਦੇ ਸਮੇਂ ਇਕ ਪੜਾਉ ਕਰਦੇ ਹਾਂ, ਕੁਝ ਰੁਕਦੇ ਹਾਂ। ਇਵੇਂ ਹੀ ਵਿਚਾਰਾਂ ਦੇ ਮੋੜ ਨੂੰ ਅਸੀਂ ਲਿਖਣ ਸਮੇਂ ਇਕ ਪੈਰੇ ਰਾਹੀਂ ਦਰਸਾਉਂਦੇ ਹਾਂ। ਪੁਰਾਣੇ ਵਿਚਾਰ ਨੂੰ ਉੱਥੇ ਹੀ ਛੱਡ ਕੇ ਨਵੇਂ ਵਿਚਾਰ ਨੂੰ ਨਵੇਂ ਪੈਰ੍ਹੇ ਤੋਂ ਸ਼ੁਰੂ ਕਰਦੇ ਹਾਂ। ਇਹ ਪੈਰਾ ਹੀ ਪਉੜੀ ਹੈ। ਜਪੁ ਜੀ ਸਾਹਿਬ ਵਿਚ 'ਪਉੜੀ' ਸ਼ਬਦ ਇਸੇ ਅਰਥ ਵਿਚ ਵਰਤਿਆ ਗਿਆ ਹੈ। ਧਰਮ ਖੰਡ ਦਾ ਵਿਚਾਰ ਖਤਮ ਹੋ ਗਿਆ ਤਾਂ ਉੱਥੇ 'ਪਉੜੀ' ਲਿਖ ਦਿੱਤਾ, ਯਾਨੀ ਪੜਾਉ ਤੇ ਅਗਲੇ ਵਿਚਾਰ ਨੂੰ ਨਵੇਂ ਪੈਰੇ, ਨਵੀਂ ਪਉੜੀ, ਵਿਚ ਦਰਸਾਇਆ।

ਅੱਜ ਅਸੀਂ ਧਰਮ ਖੰਡ ਬਾਰੇ ਵਿਚਾਰ ਕਰਦੇ ਹਾਂ। ਧਰਮ ਦੀ ਗੱਲ ਗੁਰੂ ਜੀ ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਸ਼ੁਰੂ ਕਰ ਦੇਂਦੇ ਹਨ। ਆਪ ਜੀ ਕਹਿੰਦੇ ਹਨ ਕਿ ਧਰਮ ਬ੍ਰਾਹਮਣਾਂ ਵਾਂਗ ਸੁਚ ਕਮਾਣ ਵਿਚ ਨਹੀਂ, ਬੋਧੀਆਂ ਵਾਂਗ ਚੁਪ ਰਹਿਣ ਵਿਚ ਨਹੀਂ, ਜੈਨੀਆਂ ਵਾਗ ਭੁਖੇ ਰਹਿਣ ਵਿਚ ਨਹੀਂ, ਜੋਗੀਆਂ ਵਾਂਗ ਲਿਵ ਲਾਣ ਵਿਚ ਨਹੀਂ, ਪੰਡਤਾਂ ਵਾਂਗ ਸਿਆਣਪ ਬਖਾਰਨ ਵਿਚ ਨਹੀਂ। ਫਿਰ ਧਰਮ ਕੀ ਹੈ? ਕਿਹੜਾ ਧਰਮ ਹੈ ਜਿਸ ਦਾ ਪਾਲਣ ਕਰ ਕੇ ਮਨੁਖ ਸਚਿਆਰਾ ਹੋ ਜਾਂਦਾ ਹੈ, ਸਚ-ਰੂਪ ਹੋ ਜਾਂਦਾ ਹੈ, ਸੱਚੇ ਦੇ ਘਰ ਪਹੁੰਚ ਜਾਂਦਾ ਹੈ? ਤੇ ਗੁਰੂ ਜੀ ਕਹਿੰਦੇ ਹਨ ਕਿ ਹੁਕਮ (ਧਰਮ) ਦੇ ਪਾਲਣ ਨਾਲ ਮਨੁੱਖ ਸਚਿਆਰਾ ਹੁੰਦਾ ਹੈ। ਉਹ ਹੁਕਮ ਕਿਥੇ ਲਿਖਿਆ ਹੈ, ਕਿਸ ਕੋਲੋਂ ਮਿਲ਼ਦਾ ਹੈ? ਇਸ ਬਾਰੇ ਵੀ ਆਪ ਜੀ ਕਹਿੰਦੇ ਹਨ ਕਿ ਹੁਕਮ (ਧਰਮ) ਮਨੁੱਖ ਦੇ ਨਾਲ ਹੀ ਲਿਖਿਆ ਮਿਲਦਾ ਹੈ। ਗੁਰਵਾਕ ਹੈ—

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥



Digitized by Panjab Digital Library | www.panjabdigilib.org

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥

(ਪੰਨਾ ੧)

ਉਸ ਦੇ ਹੁਕਮ ਦੀ, ਉਸ ਧਰਮ ਦੀ, ਗੱਲ ਗੁਰੂ ਜੀ ਜ਼ਿਆਦਾ ਵਿਸਥਾਰ ਨਾਲ ਅਖਰੀਲੀਆਂ ਪਉੜੀਆਂ ਵਿਚ ਕਰਦੇ ਹਨ ।

ਜਪੁ ਜੀ ਸਾਹਿਬ ਦੀਆਂ ਚਾਰ ਪਉੜੀਆਂ (੩੪ ਤੋਂ ੩੭) ਵਿਚ ਪੰਜ ਖੰਡਾਂ ਦਾ ਜ਼ਿਕਰ ਇਸ ਪ੍ਰਕਾਰ ਹੈ—

| **ਖੰਡ** | **ਪਉੜੀ ਨੰਬਰ** |
|---|---|
| ੧. ਧਰਮ ਖੰਡ......... | ਪਉੜੀ ੩੪ਵੀਂ |
| ੨. ਗਿਆਨ ਖੰਡ......... | ,, ੩੫ਵੀਂ |
| ੩. ਸਰਮ ਖੰਡ......... | ,, ੩੬ਵੀਂ |
| ੪. ਕਰਮ ਖੰਡ......... | ,, ੩੭ਵੀਂ |
| ੫. ਸੱਚ ਖੰਡ......... | ,, ੩੭ਵੀਂ |

ਇਨ੍ਹਾਂ ਖੰਡਾਂ ਦਾ ਜ਼ਿਕਰ ਕਰਨ ਦੇ ਬਾਅਦ ਗੁਰੂ ਜੀ ੩੮ਵੀਂ ਤੇ ਅਖੀਰਲੀ ਪਉੜੀ ਵਿਚ ਧਰਮ-ਕਮਾਣ ਦਾ ਜ਼ਿਕਰ ਕਰਦੇ ਹਨ ਤੇ ਦੱਸਦੇ ਹਨ ਕਿ ਕਿਸ ਤਰ੍ਹਾਂ ਮਨੁੱਖ ਧਰਮ-ਸਰਮ ਕਰ ਕੇ ਤੇ ਕਰਮ ਪ੍ਰਾਪਤ ਕਰ ਕੇ, ਸੱਚ ਖੰਡ ਅਪੜ ਸਕਦਾ ਹੈ ।

ਪਹਿਲਾਂ ਅਸੀਂ ਇਨ੍ਹਾਂ ਪੰਜਾਂ ਖੰਡਾਂ ਤੇ ਉੜਦੀ ਉਡਦੀ ਨਜ਼ਰ ਮਾਰਦੇ ਹਾਂ ਤੇ ਫਿਰ ਹਰ ਇਕ ਖੰਡ ਬਾਰੇ ਵੱਖਰੀ ਵੱਖਰੀ ਗੱਲ ਕਰਾਂਗੇ । **ਧਰਮ ਖੰਡ** ਦਾ ਜ਼ਿਕਰ ਕਰਦੇ ਹੋਏ ਗੁਰੂ ਜੀ ਮਨੁੱਖ ਨੂੰ ਕਹਿੰਦੇ ਹਨ ਕਿ ਸਾਰੀ ਕਾਇਨਾਤ, ਰਾਤ, ਰੁਤ, ਵਾਰ, ਪਵਨ, ਪਾਣੀ, ਅਗਨੀ, ਪਾਤਾਲ, ਧਰਤੀ ਸਭ ਆਪਣਾ ਆਪਣਾ ਧਰਮ ਪਾਲ ਰਹੇ ਹਨ, ਤੂੰ ਆਪਣਾ ਧਰਮ ਕਿਉਂ ਨਹੀਂ ਪਾਲਦਾ । ਮਨੁੱਖ ਨੂੰ ਸਮਝਾਉਂਦੇ ਹਨ ਕਿ ਤੂੰ ਵੀ ਆਪਣੇ ਧਰਮ ਦਾ ਪਾਲਣ ਕਰ । ਪਰ ਮਨੁੱਖ ਨਹੀਂ ਸਮਝਦਾ । ਫਿਰ ਗੁਰੂ ਜੀ ਉਸ ਨੂੰ **ਗਿਆਨ ਖੰਡ** ਵਲ ਲਿਜਾਂਦੇ ਹਨ ਤੇ ਗਿਆਨ



Digitized by Panjab Digital Library | www.panjabdigilib.org

ਦੇਂਦੇ ਹਨ ਕਿ ਸਾਡੀ ਧਰਤੀ ਹੀ ਨਹੀਂ ਬਲਕਿ ਸਾਰੀਆਂ ਹੋਰ ਧਰਤੀਆਂ, ਸਾਰੇ ਇੰਦਰ, ਚੰਨ, ਸੂਰਜ, ਮੰਡਲ, ਬ੍ਰਹਮੰਡ, ਆਪਣੇ ਧਰਮ ਦਾ ਪਾਲਣ ਕਰ ਰਹੇ ਹਨ, ਤੂੰ ਵੀ ਕਰ। ਇਸ ਕਾਇਨਾਤ ਵਿਚ ਵਸਦੇ ਰਿਸ਼ੀ, ਮੁਨੀ, ਸਿਧ, ਸੰਤ, ਬੁਧ, ਧਰੂ, ਸਭ ਆਪਣੇ ਧਰਮ ਦੀ ਕਮਾਈ ਵਿਚ ਲਗੇ ਹੋਏ ਹਨ। ਗੁਰੂ ਜੀ ਮਨੁੱਖ ਨੂੰ ਕਹਿੰਦੇ ਹਨ ਕਿ ਤੂੰ ਵੀ ਧਰਮ ਕਮਾ। ਇਸ ਤਰ੍ਹਾਂ ਉਤਸਾਹਿਤ ਕਰ ਕੇ, ਗੁਰੂ ਜੀ ਮਨੁੱਖ ਨੂੰ **ਸਰਮ ਖੰਡ** ਵਲ ਲਿਜਾਂਦੇ ਹਨ ਤੇ ਸਰਮ ਕਰਨ ਲਈ ਕਹਿੰਦੇ ਹਨ। ਸਰਮ ਦਾ ਅਰਥ ਮਿਹਨਤ ਹੈ, ਸ਼ਰਮ ਹਿਯਾ ਨਹੀਂ। ਸਰਮ ਯਾਨੀ ਮਿਹਨਤ, ਸਰਮਕ ਯਾਨੀ ਮਿਹਨਤ ਕਰਨ ਵਾਲਾ, ਮਜ਼ਦੂਰ। ਗੁਰੂ ਜੀ ਮਨੁੱਖ ਨੂੰ ਸਰਮ ਕਰਨ ਲਈ ਕਹਿੰਦੇ ਹਨ, ਗੁਰਦੁਆਰ ਤੱਕ ਪਹੁੰਚਣ ਲਈ ਕਹਿੰਦੇ ਹਨ। ਫਿਰ ਉਸ ਨੂੰ **ਕਰਮ ਖੰਡ** ਵਿਚ ਲਿਜਾਂਦੇ ਹਨ। ਗੁਰੂ ਜੀ ਸਮਝਾਉਂਦੇ ਹਨ ਕਿ ਮਨੁੱਖ ਸਰਮ ਕਰ ਕੇ "ਗੁਰ-ਦੁਆਰ" ਤੱਕ ਤਾਂ ਅਪੜ ਸਕਦਾ ਹੈ ਪਰ "ਗੁਰ-ਦਰਬਾਰ" ਤੱਕ ਨਹੀਂ ਅਪੜ ਸਕਦਾ। ਗੁਰ-ਦੁਆਰ ਤੇ ਤਾਲਾ ਪਿਆ ਹੋਇਆ ਹੈ। ਇਸ ਤਾਲੇ ਦੀ ਚਾਬੀ ਮਿਲਦੀ ਹੈ ਵਾਹਿਗੁਰੂ ਦੇ ਕਰਮ ਨਾਲ, ਉਸ ਦੀ ਬਖਸ਼ਸ਼ ਨਾਲ। ਸਰਮ ਖੰਡ ਨੂੰ ਲੰਘ ਕੇ ਕਰਮ ਖੰਡ ਤੱਕ ਅਪੜਣ ਲਈ ਵਾਹਿਗੁਰੂ ਅੱਗੇ ਅਰਜ਼ੋਈ ਕਰੋ, ਅਰਦਾਸ ਕਰੋ, ਬੇਨਤੀ ਕਰੋ, ਰੋਉ, ਪੁਕਾਰੋ, ਪਿਆਰ ਦੇ ਵਿਛੋੜੇ ਵਿਚ ਪੀਉ-ਪੀਉ ਕਰਦੇ ਰਹੋ। ਉਸ ਦੀ ਬਖਸ਼ਸ਼ ਹੋਏਗੀ ਤਾਂ ਗੁਰ-ਦੁਆਰ ਖੁਲ੍ਹੇਗਾ ਤੇ ਅਸੀਂ ਗੁਰ-ਦਰਬਾਰ ਵਿਚ ਪਹੁੰਚ ਜਾਵਾਂਗੇ। ਮਿਹਰ ਦੀ ਚਾਬੀ ਲੱਗਣ ਨਾਲ ਅਸੀਂ ਕਰਮ ਖੰਡ ਵਿਚ ਪਹੁੰਚ ਜਾਣਾ ਹੈ। ਪਰ ਹਾਲੀਂ ਮੰਜ਼ਿਲ ਨਹੀਂ ਆਈ। ਹਾਲੀਂ ਤੱਕ ਅਸੀਂ ਆਕਾਰ ਦੀ ਪੂਜਾ, ਭਗਤੀ, ਸਿਮਰਨ ਕਰਦੇ ਰਹੇ। ਹੁਣ ਆਕਾਰ ਛੱਡ ਕੇ ਨਿਰੰਕਾਰ, ਨਿਰਅਕਾਰ, ਵਲ ਜਾਣਾ ਹੈ ਤੇ ਉਹ **ਸੱਚ ਖੰਡ** ਵਿਚ ਮਿਲਦਾ ਹੈ ਕਿਉਂਕਿ "ਸੱਚ ਖੰਡਿ ਵਸੈ ਨਿਰੰਕਾਰੁ।"

## ਧਰਮ ਖੰਡ

ਅੱਜ ਮੈਂ ਧਰਮ ਖੰਡ ਬਾਰੇ ਗੱਲ ਕਰਾਂਗਾ। ਧਰਮ ਕੀ ਹੈ? ਅਸੀਂ ਧਰਮ ਤੋਂ ਕੀ ਸਮਝਦੇ ਹਾਂ? ਧਰਮ ਦਾ ਅਰਥ ਹਿੰਦੂ ਧਰਮ, ਸਿੱਖ ਧਰਮ, ਮੁਸਲਿਮ ਧਰਮ ਨਹੀਂ। ਇਹ ਸ਼ਬਦ ਬਹੁਤ ਗਹਿਰਾ ਅਰਥ ਰੱਖਦਾ ਹੈ। ਇਹ ਸਰਬ ਵਿਆਪੀ ਹੈ।



Digitized by Panjab Digital Library | www.panjabdigilib.org

ਇਹ ਸਭ ਦੇਸ਼ਾਂ ਵਿਚ ਸਾਂਝਾ ਹੈ, ਸਰਬ ਸਮੇਂ ਵਿਚ ਸਾਂਝਾ ਹੈ। ਇਹ ਧਰਮ ਕਾਲ-ਅਤੀਤ ਹੈ, ਸਥਾਨ-ਅਤੀਤ ਹੈ। ਧਰਮ ਸ਼ਬਦ ਸੰਸਕ੍ਰਿਤ ਦੇ ਧਾਤੂ "ਧ੍ਰੀ" ਤੋਂ ਬਣਿਆ ਹੈ ਜਿਸ ਦਾ ਅਰਥ ਹੈ, "ਜੁੜਣਾ, ਵਜੂਦ ਨੂੰ ਕਾਇਮ ਰੱਖਦਾ, ਗੁਣ, ਸੁਭਾਉ।" ਕਿਸੇ ਵਸਤੂ ਦਾ ਗੁਣ ਹੀ ਉਸ ਨੂੰ ਉਸ ਵਸਤੂ ਨਾਲ ਜੋੜਦਾ ਹੈ ਤੇ ਉਸ ਵਸਤੂ ਦੀ ਜਾਂ ਮਨੁੱਖ ਦੀ ਪਛਾਣ ਕਰਾਉਂਦਾ ਹੈ।

ਹੁਣ ਮਨੁੱਖ ਦੀ ਪਛਾਣ ਕੱਚੀ ਵੀ ਹੋ ਸਕਦੀ ਹੈ ਤੇ ਸੱਚੀ ਵੀ। ਮਸਲਨ, ਮੇਰਾ ਨਾਂ "ਜੋਗਿੰਦਰ ਸਿੰਘ" ਹੈ। ਇਹ ਮੇਰੀ ਕੱਚੀ ਪਛਾਣ ਹੈ ਕਿਉਂਕਿ ਇਹ ਨਾਂ ਮੈਨੂੰ ਮੇਰੇ ਘਰ ਵਾਲਿਆਂ ਨੇ ਦਿੱਤਾ ਹੈ। ਫਿਰ ਮੈਨੂੰ "ਸੇਠੀ" ਕਹਿੰਦੇ ਹਨ। ਇਹ ਸਰਨਾਉਂ ਵੀ ਮੈਨੂੰ ਸਮਾਜ ਨੇ ਦਿੱਤਾ ਹੈ। ਇਹ ਵੀ ਮੇਰੀ ਕੱਚੀ ਪਛਾਣ ਹੈ। ਮੈਂ ਪੰਜਾਬੀ ਹਾਂ। ਇਹ ਪਛਾਣ ਵੀ ਕੱਚੀ ਹੈ ਕਿਉਂਕਿ ਇਹ ਮੇਰੇ ਜਨਮ ਸਥਾਨ ਨਾਲ ਸਬੰਧਤ ਹੈ। ਮੈਂ ਸਿੱਖ ਹਾਂ। ਇਹ ਪਛਾਣ ਵੀ ਕਾਫੀ ਨਹੀਂ ਕਿਉਂਕਿ ਇਹ ਸਿਰਫ ਦਰਸਾਉਂਦੀ ਹੈ ਕਿ ਮੈਂ ਸਿੱਖ ਪਰਿਵਾਰ ਵਿਚ ਜਨਮ ਲਿਆ ਜਾਂ ਸਿੱਖ ਧਰਮ (ਆਮ ਅਰਥਾਂ ਵਿਚ) ਅਪਨਾਇਆ। ਇਹ ਵੀ ਮੇਰੀ ਸੱਚੀ ਪਛਾਣ ਨਹੀਂ। ਫਿਰ ਮੇਰੀ ਸੱਚੀ ਪਛਾਣ ਕੀ ਹੈ, ਮੇਰਾ ਸੱਚਾ ਧਰਮ ਕੀ ਹੈ?

ਇਹ ਧਰਮ ਜਪੁ ਜੀ ਸਾਹਿਬ ਦੇ ਮੂਲ ਮੰਤਰ ਵਿਚ ਮਿਲਦਾ ਹੈ। ਇਹ ਦੱਸਦਾ ਹੈ ਕਿ ਮਨੁੱਖ ਸਤਿ-ਸਰੂਪ ਹੈ, ਕਿ ਮਨੁੱਖ ਡਰ-ਰਹਿਤ ਹੈ, ਕਿ ਮਨੁੱਖ ਵੈਰ-ਰਹਿਤ ਹੈ, ਕਿ ਮਨੁੱਖ ਮੌਤ ਰਹਿਤ ਹੈ ਕਿ ਮਨੁੱਖ "ਸਤਿਨਾਮ, ਕਰਤਾ ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤ, ਅਜੂਨੀ, ਸੈਭੰ" ਹੈ। ਇਹ ਮਨੁੱਖ ਦੀ ਅਸਲੀ ਪਛਾਣ ਹੈ। ਇਹੀ ਮੇਰੀ ਅਸਲੀ ਪਛਾਣ ਹੈ। ਇਹੀ ਹਰ ਪ੍ਰਕਾਰ ਦੇ ਮਨੁੱਖ, ਮੁਸਲਮਾਨ, ਸਿੱਖ, ਹਿੰਦੂ, ਇਸਾਈ, ਆਦਿ ਦੀ ਪਛਾਣ ਹੈ। ਇਹੀ ਉਸ ਦਾ ਧਰਮ ਹੈ। ਇਸ ਨੂੰ ਹੀ ਮਨੁੱਖ ਨੇ ਕਮਾਣਾ ਹੈ। ਅਸਲ ਵਿਚ ਇਹ ਗੁਣ ਵਾਹਿ-ਗੁਰੂ ਦੇ ਹਨ ਪਰ ਕਿਉਂਕਿ ਮਨੁੱਖ ਵਿਚ ਵੀ ਵਾਹਿਗੁਰੂ ਵਸਦਾ ਹੈ, ਕਿਉਂਕਿ ਉਸ ਦਾ ਨੂਰ ਮੇਰੇ ਅੰਦਰ ਵਸਦਾ ਹੈ, ਇਸ ਲਈ ਸੁਭਾਵਕ ਹੈ ਕਿ ਉਸ ਦੇ ਗੁਣ ਮੇਰੇ ਵੀ ਗੁਣ ਹੋਣ। ਗੁਰਵਾਕ ਹੈ—



Digitized by Panjab Digital Library | www.panjabdigilib.org

— ਸਭੈ ਘਟ ਰਾਮੁ ਬੋਲੈ ਰਾਮਾ ਬੋਲੈ। ਰਾਮ ਬਿਨਾ ਕੋ ਬੋਲੈ ਰੇ ॥ ਰਹਾਉ ॥
ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈ ਬਹੁ ਨਾਨਾ ਰੇ ॥
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥
(ਪੰਨਾ ੯੮੮)

— ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥
(ਪੰਨਾ ੧੩੪੯)

— ਸਹਸ ਘਟਾ ਮਹਿ ਏਕੁ ਆਕਾਸੁ। ਘਟ ਫੂਟੇ ਤੇ ਓਹੀ ਪ੍ਰਗਾਸੁ ॥
(ਪੰਨਾ ੭੩੬)

— ਏਕੋ ਰਵਿ ਰਹਿਆ ਸਭ ਅੰਤਰਿ ਤਿਸੁ ਬਿਨੁ ਅਵਰੁ ਨ ਕੋਈ ਹੇ ॥
(ਪੰਨਾ ੧੦੪੪)

ਮੇਰਾ ਸੱਚਾ ਧਰਮ ਇਹੀ ਹੈ। ਪਰ ਮੈਂ ਧਰਮੀ ਕਿਉਂ ਨਹੀਂ ਹਾਂ ? ਮੈਂ ਕਿਉਂ ਝੂਠਾ ਬਣਿਆ ਫਿਰਦਾ ਹਾਂ, ਕਿਉਂ ਡਰਿਆ-ਡਰਿਆ, ਸਹਿਮਿਆ-ਸਹਿਮਿਆ ਹਾਂ, ਕਿਉਂ ਵੈਰ-ਵਿਰੋਧ ਵਿਚ ਗਲਤਾਨ ਹਾਂ, ਕਿਉਂ ਮੌਤ ਤੋਂ ਨਸਣਾ ਚਾਹੁੰਦਾ ਹਾਂ, ਕਿਉਂ ਜੂਨਾਂ ਦੇ ਚੱਕਰ ਵਿਚ ਹਾਂ ? ਇਸ ਦਾ ਮੂਲ ਕਾਰਣ ਇਹ ਹੈ ਕਿ ਮੈਂ ਆਪਣੇ ਅਸਲੀ ਰੂਪ ਉੱਪਰ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀ ਪਰਤ ਚੜ੍ਹਾ ਲਈ ਹੈ। ਮੈਂ ਆਪਣੇ ਤੇ ਆਪਣੇ ਅਸਲੀ ਧਰਮ ਵਿਚਕਾਰ "ਕੂੜ ਦੀ ਪਾਲ" ਖੜੀ ਕਰ ਲਈ ਹੈ। ਇਸ ਕਾਰਣ ਮੈਨੂੰ ਮੇਰਾ ਸੱਚਾ ਧਰਮ ਨਹੀਂ ਸੁੱਝਦਾ। ਇਸ ਤਰ੍ਹਾਂ ਸਮਝੋ। ਮੇਰੇ ਸਰੀਰ ਦਾ ਸੱਚਾ ਕਵਰ (ਉਛਾੜ) ਮੇਰੀ ਚਮੜੀ ਹੈ। ਮੈਂ ਇਸ ਉੱਪਰ ਕਈ ਪ੍ਰਕਾਰ ਦੇ, ਕਈ ਰੰਗਾਂ ਦੇ, ਕਈ ਡੀਜ਼ਾਇਨਾਂ ਦੇ ਕੱਪੜੇ ਪਾ ਲਏ ਹਨ। ਫਲਸਰੂਪ ਮੈਨੂੰ ਮੇਰੀ ਚਮੜੀ ਨਹੀਂ ਦਿਸਦੀ। ਇਸ ਤਰ੍ਹਾਂ ਹੀ ਮੈਂ ਅਸਲੀ "ਨਿਰਭਉ ਨਿਰਵੈਰ" ਦੇ ਰੂਪ ਉੱਪਰ ਕਾਮ-ਕਰੋਧ ਦੀ ਕੱਚੀ ਪਰਤ ਪਾ ਲਈ ਹੈ। ਮੇਰਾ ਅਸਲੀ ਰੂਪ ਇਸ ਥਲੇ ਗੁਮ ਹੋ ਗਿਆ ਹੈ। ਮੈਂ ਭੁਲ ਹੀ ਗਿਆ ਹਾਂ ਕਿ ਮੈਂ ਤਾਂ ਹਰੀ-ਮੂਰਤ ਹਾਂ। ਮੈਂ ਝੂਠੇ ਤਨ ਨੂੰ ਸੱਚਾ ਕਰ ਕੇ ਮੰਨ ਲਿਆ ਹੈ ਤੇ ਨਾਸਵਾਨ ਜਗਤ ਨੂੰ ਅਸਥਿਰ ਮੰਨ ਲਿਆ ਹੈ। ਜੋ ਨਾਸਵਾਨ ਹੈ ਉਸ ਨੂੰ ਅਸਥਿਰ



Digitized by Panjab Digital Library | www.panjabdigilib.org

ਮੰਨ ਰਖਿਆ ਹੈ ਤੇ ਜੋ ਅਸਥਿਰ ਹੈ ਉਸ ਨੂੰ ਨਾਸਵਾਨ ਸਮਝ ਲਿਆ ਹੈ। ਗੁਰਵਾਕ ਹੈ—

— ਸਾਧੋ ਰਚਨਾ ਰਾਮਿ ਬਨਾਈ ॥
ਇਕ ਬਿਨਸੈ ਇਕੁ ਅਸਥਿਰ ਮਾਨੈ ਅਚਰਜ ਲਖਿਓ ਨ ਜਾਈ ॥
ਕਾਮ ਕਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥
(ਪੰਨਾ ੨੧੯)

ਸੋ ਮਨੁੱਖ ਦਾ ਫਰਜ਼ ਹੈ ਕਿ ਉਹ ਆਪਣੇ ਕੱਚੇ ਧਰਮ ਨੂੰ ਪਛਾਣੇ ਤੇ ਇਸ ਤੋਂ ਆਪਣੇ ਸੱਚੇ ਧਰਮ ਵਲ ਜਾਏ ਕਿਉਂਕਿ ਅਖੀਰ ਧਰਮਰਾਇ ਤਾਂ ਸੱਚਾ ਧਰਮ ਹੀ ਪਛਾਣਦਾ ਹੈ। ਗੁਰਵਾਕ ਹੈ—

— ਧਰਮਰਾਇ ਨੋ ਹੁਕਮ ਹੈ ਬਹਿ ਸਚਾ ਧਰਮੁ ਵੀਚਾਰਿ ॥
(ਪੰਨਾ ੩੮)

ਇਸ ਸੱਚੇ ਧਰਮ ਦਾ ਵਿਚਾਰ ਗੁਰੂ ਜੀ ਜਪੁ ਜੀ ਸਾਹਿਬ ਦੀ ੩੪ਵੀਂ ਪਉੜੀ ਵਿਚ ਕਰਦੇ ਹਨ। ਆਪ ਜੀ ਦੱਸਦੇ ਹਨ ਕਿ ਸਾਰੀ ਕਾਇਨਾਤ ਤੇ ਸਾਰੇ ਪ੍ਰਾਣੀ ਆਪਣੇ ਧਰਮ ਦਾ ਪਾਲਣ ਕਰਦੇ ਹਨ ਪਰ ਇਕ ਮਨੁੱਖ ਹੀ ਹੈ ਜਿਹੜਾ ਆਪਣੇ ਧਰਮ ਦਾ ਪਾਲਣ ਨਹੀਂ ਕਰਦਾ। ਇਹ ਸਮਝਾਉਣ ਲਈ ਗੁਰੂ ਜੀ ਬੜੀ ਸਾਧਾਰਣ, ਆਮ ਸਮਝ ਆਉਣ ਵਾਲੀ, ਆਮ ਦੇਖਣ-ਸੁਨਣ ਵਾਲੀ ਗੱਲ ਤੋਂ ਚਰਚਾ ਸ਼ੁਰੂ ਕਰਦੇ ਹਨ। ਸਾਡਾ ਪਹਿਲਾ ਪਰੀਚੈ ਰਾਤ ਨਾਲ ਹੈ, ਰੁਤ ਨਾਲ ਹੈ, ਦਿਨ-ਵਾਰ ਨਾਲ ਹੈ, ਹਵਾ-ਪਾਣੀ, ਆਦਿ ਨਾਲ ਹੈ। ਗੁਰੂ ਜੀ ਦੱਸਦੇ ਹਨ ਕਿ ਸਾਰੇ ਆਪਣੇ ਧਰਮ ਦੀ ਪਾਲਣਾ ਕਰਦੇ ਹਨ।



Digitized by Panjab Digital Library | www.panjabdigilib.org

## ਰਾਤੀ ਰੁਤੀ ਥਿਤੀ ਵਾਰ ॥

ਰਾਤ ਦਾ ਧਰਮ ਹਨੇਰਾ ਹੈ । ਇਹ ਆਪਣੇ ਧਰਮ ਦਾ ਪਾਲਣ ਕਰੀ ਜਾਂਦੀ ਹੈ । ਰਾਤ ਲੰਬੀ-ਛੋਟੀ ਹੋ ਸਕਦੀ ਹੈ (ਕਿਤੇ ਛੇ ਘੰਟਿਆਂ ਦੀ ਤੇ ਕਿਤੇ ਛੇ ਮਹੀ-ਨਿਆਂ ਦੀ) ਪਰ ਰਾਤ ਬਿਨਾਂ ਹਨੇਰੇ ਦੇ ਨਹੀਂ ਹੋ ਸਕਦੀ । ਰਾਤ ਦਾ ਧਰਮ, ਰਾਤ ਦੀ ਪਛਾਣ, ਹਨੇਰੇ ਕਰ ਕੇ ਹੈ । ਹੁਣ ਸਵੇਰ ਦੇ ੯ ਵਜੇ ਹਨ । ਕੋਈ ਇਸ ਸਮੇਂ ਨੂੰ ਰਾਤ ਨਹੀਂ ਕਹਿ ਸਕਦਾ ਕਿਉਂਕਿ ਹਨੇਰਾ ਨਹੀਂ ।

ਇਸ ਤਰ੍ਹਾਂ ਹੀ ਰੁਤ ਆਪਣੇ ਧਰਮ ਦੀ ਪਾਲਣਾ ਕਰਦੀ ਹੈ । ਛੇ ਰੁਤਾਂ ਹਨ—ਬਹਾਰ, ਗਰਮੀ, ਬਾਰਸ਼, ਪਤਝੜ, ਸਰਦੀ ਤੇ ਹਿਮੰਤ । ਅੱਜ ਕਲ੍ਹ ਬਾਰਸ਼ (ਪਾਊਸ) ਦੀ ਰੁਤ ਹੈ । ਇਸ ਦਾ ਧਰਮ ਹੈ ਪਾਣੀ ਬਰਸਾਣਾ । ਕਿਤੇ ਬਾਰਸ਼ ਐਨੀ ਜ਼ਿਆਦਾ ਹੋ ਸਕਦੀ ਹੈ ਕਿ ਬਾੜ ਆ ਜਾਏ ਤੇ ਐਨੀ ਘਟ ਕਿ ਕਹਿਤ ਪੈ ਜਾਏ, ਪਰ ਇਹ ਰੁਤ ਕਦੀ ਬਿਨਾਂ ਬਾਰਸ਼ ਦੇ ਨਹੀਂ ਹੁੰਦੀ । ਇਹ ਆਪਣਾ ਧਰਮ ਨਿਭਾਉਂਦੀ ਰਹਿੰਦੀ ਹੈ । ਇਹ ਕਦੀ ਨਹੀਂ ਕਹਿੰਦੀ ਕਿ ਹੁਣ ਮੇਰਾ ਮੂਡ ਠੀਕ ਨਹੀਂ ਇਸ ਲਈ ਇਸ ਰੁਤੇ ਮੈਂ ਮੀਂਹ ਨਹੀਂ ਵਰ੍ਹਾਵਾਂਗੀ । ਹਰ ਰੁਤ ਆਪਣੇ-ਆਪਣੇ ਧਰਮ ਤੇ ਪੱਕੀ ਹੈ ।

ਇਹ ਗੱਲ ਵੱਖਰੀ ਹੈ ਕਿ ਮਨੁੱਖ ਇਨ੍ਹਾਂ ਰੁੱਤਾਂ ਦੇ ਧਰਮ ਨੂੰ ਵਿਗਾੜਣ ਵਿਚ ਲੱਗਾ ਹੋਇਆ ਹੈ । ਆਪਣਾ ਧਰਮ ਤਾਂ ਮਨੁੱਖ ਪਾਲਦਾ ਨਹੀਂ ਤੇ ਜਤਨ ਕਰਦਾ ਹੈ ਕਿ ਦੂਸਰੇ ਵੀ ਆਪਣੇ ਧਰਮ ਨੂੰ ਨਾ ਪਾਲਣ । ਇਰਾਕ ਦੀ ਲੜਾਈ ਵਿਚ ਕਵੈਤ ਦੇ ਤੇਲ ਦੇ ਖੂਹਾਂ ਨੂੰ ਅੱਗ ਲਾ ਦਿੱਤੀ ਗਈ । ਹੁਣ ਇਹ ਅੱਗ ਬੁਝ ਨਹੀਂ ਰਹੀ । ਤੇਲ ਸੜਣ ਨਾਲ ਖਤਰਨਾਕ ਗੈਸਾਂ ਪਾਣੀ ਦੇ ਬਦਲਾਂ ਵਿਚ ਜਾ ਰਲੀਆਂ ਹਨ । ਇਸ ਤਰ੍ਹਾਂ ਦੇ ਬੱਦਲਾਂ ਦਾ ਇਕ ਟੁਕੜਾ ਕਸ਼ਮੀਰ ਘਾਟੀ ਵਿਚ ਜਾ ਵਰ੍ਹਿਆ ਹੈ । ਇਸ ਨੂੰ ਕਾਲਾ ਮੀਂਹ (BLACK RAIN) ਦਾ ਨਾਂ ਦਿੱਤਾ ਗਿਆ ਹੈ । ਜਿਥੇ ਇਹ ਮੀਂਹ ਪਿਆ ਹੈ ਉਸ ਥਾਂ ਦੀ ਫਸਲ ਬਰਬਾਦ ਹੋ ਗਈ ਹੈ, ਜਿਸ ਜੰਗਲ ਵਿਚ ਇਹ ਮੀਂਹ ਪਿਆ ਹੈ ਉੱਥੋਂ ਦੇ ਬੂਟੇ ਮਰ ਗਏ ਹਨ ਤੇ ਜਿਨ੍ਹਾਂ ਘਰਾਂ ਉੱਪਰ/ਅੰਦਰ ਮੀਂਹ ਪਿਆ ਹੈ ਉਨ੍ਹਾਂ ਲੋਕਾਂ ਨੂੰ ਨਾ-ਠੀਕ ਹੋਣ ਵਾਲੀ ਖੰਘ ਦੀ ਬੀਮਾਰੀ ਹੋ ਗਈ ਹੈ । ਇਹ ਹੈ ਪ੍ਰਣਾਮ ਮਨੁੱਖ ਦਾ ਰੁਤਾਂ ਦੇ ਧਰਮ ਨੂੰ ਵਿਗਾੜਣ ਦਾ ।



Digitized by Panjab Digital Library | www.panjabdigilib.org

ਪਰ ਫਿਰ ਵੀ ਹਰ ਰੁਤ ਆਪਣਾ ਧਰਮ ਪਾਲਦੀ ਹੈ, ਆਪਣਾ ਗਹਿਰਾ ਅਸਰ ਸਾਡੇ ਤੇ ਪਾਈ ਜਾਂਦੀ ਹੈ। ਬਰਸਾਤ ਰੁਤ ਵਿਚ ਅਨੰਦ ਦਾ ਹੁਲਾਰਾ ਆਉਂਦਾ ਹੀ ਹੈ ਤੇ ਬਹਾਰ ਵਿਚ ਸੁਖ ਦਾ। ਗੁਰਵਾਕ ਹੈ—

— ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥

(ਪੰਨਾ ੯੨੭)

— ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ ॥

(ਪੰਨਾ ੯੨੮)

ਅਸਲ ਵਿਚ ਪੰਚਮ ਪਿਤਾ ਨੇ ਰਾਮਕਲੀ ਦੀ ਵਾਰ ਵਿਚ ਇਕ ਬਾਣੀ ਦਾ ਨਾਂ ਹੀ "ਰੁਤੀ" ਰਖਿਆ ਹੈ।

ਥਿਤਾਂ ਪੰਦਰ੍ਹਾਂ ਹਨ, ਵਾਰ ਸਤ ਤੇ ਮਹੀਨੇ ਬਾਰ੍ਹਾਂ। ਇਹ ਸਾਰੇ ਆਪਣੇ ਧਰਮ ਨੂੰ ਨਿਭਾਉਂਦੇ ਰਹਿੰਦੇ ਹਨ। ਕੋਈ ਆਪਣਾ ਧਰਮ ਛੱਡ ਕੇ ਅਗੜ-ਪਿਛੜ ਨਹੀਂ ਹੁੰਦਾ। ਸਭ ਆਪਣੀ ਵਾਰੀ ਸਿਰ, ਆਪਣੇ ਆਪਣੇ ਸਮੇਂ ਸਿਰ, ਆਈ ਜਾਂਦੇ ਹਨ। ਗੁਰਵਾਕ ਹੈ—

— ਪੰਦ੍ਰਹ ਥਿਤੀ ਤੈ ਸਤ ਵਾਰ। ਮਾਹਾ ਰੁਤੀ ਆਵਹਿ ਵਾਰ ਵਾਰ ॥

(ਪੰਨਾ ੮੪੨)

ਤੀਸਰੀ ਪਾਤਸ਼ਾਹੀ ਨੇ ਬਿਲਾਵਲ ਰਾਗ ਵਿਚ ਇਕ ਬਾਣੀ ਦਾ ਨਾਂ ਹੀ "ਵਾਰ-ਸਤ" ਰਖਿਆ ਹੈ ਕਿਉਂਕਿ ਇਹ ਹਫਤੇ ਦੇ ਸਤ ਵਾਰਾਂ ਦਾ ਬਿਆਨ ਕਰਦੀ ਹੈ। ਵਾਰ ਦਾ ਧਰਮ ਹੈ ਕਿ ਉਹ ਛੇ ਦਿਨਾਂ ਬਾਅਦ ਆਉਂਦਾ ਹੈ। ਅੱਜ ਐਤਵਾਰ ਹੈ। ਇਸ ਦਾ ਧਰਮ ਹੈ ਕਿ ਇਹ ਹੁਣ ਸਤਵੇਂ ਦਿਨ ਆਏ। ਇਹ ਅੱਠਾਂ ਦਿਨਾਂ ਬਾਅਦ ਨਹੀਂ ਆਏਗਾ ਤੇ ਜੇ ਆ ਵੀ ਜਾਏ ਤਾਂ ਇਸ ਨੂੰ ਐਤਵਾਰ ਨਹੀਂ ਕਹਾਂਗੇ। ਇਨ੍ਹਾਂ ਵਾਰਾਂ ਰਾਹੀਂ ਗੁਰੂ ਜੀ ਪ੍ਰਭੂ ਦਾ ਕਰਤਾ-ਭਾਵ ਵੀ ਦਰਸਾਉਂਦੇ ਹਨ। ਐਤਵਾਰ ਬਾਰੇ ਗੁਰੂ ਜੀ ਕਹਿੰਦੇ ਹਨ—

— ਆਦਿਤ ਵਾਰਿ ਆਦਿ ਪੁਰਖੁ ਹੈ ਸੋਈ ॥
ਆਪੇ ਵਰਤੈ ਅਵਰੁ ਨ ਕੋਈ ॥



Digitized by Panjab Digital Library | www.panjabdigilib.org

ਓਤਿ ਪੋਤਿ ਜਗੁ ਰਹਿਆ ਪਰੋਈ। ਆਪੇ ਕਰਤਾ ਕਰੇ ਸੁ ਹੋਈ ॥

(ਪੰਨਾ ੮੪੧)

ਇਸ ਤਰ੍ਹਾਂ ਹੀ ਥਿਤਾਂ ਦੋ ਘੜੀਆਂ ਬਾਅਦ ਆਉਂਦੀ, ਨਾ ਪਹਿਲਾਂ ਨਾ ਮਗਰੋਂ।

**ਪਵਣ ਪਾਣੀ ਅਗਨੀ ਪਾਤਾਲ।**

ਹੁਣ ਗੁਰੂ ਜੀ ਤੱਤਾਂ ਦਾ ਵਿਚਾਰ ਕਰਦੇ ਹਨ। ਸੰਸਾਰ ਪੰਜ ਤੱਤਾਂ ਦਾ ਬਣਿਆ ਮੰਨਿਆ ਜਾਂਦਾ ਹੈ। ਇਹ ਪੰਜ ਤੱਤ ਹਨ—ਪਵਣ, ਪਾਣੀ, ਅਗਨੀ, ਪਾਤਾਲ (ਜਾਂ ਆਕਾਸ਼) ਤੇ ਧਰਤੀ। ਗੁਰਵਾਕ ਹੈ—

— ਜਗਤੁ ਉਪਾਇ ਖੇਲੁ ਰਚਾਇਆ ॥
ਪਵਣੈ ਪਾਣੀ ਅਗਨੀ ਜੀਉ ਪਾਇਆ ॥ (ਪੰਨਾ ੧੦੩੧)

— ਪੰਚ ਤਤੁ ਕਾ ਰਚਨੁ ਰਚਾਨਾ ॥ (ਪੰਨਾ ੧੦੭੩)

— ਪੰਚ ਤਤੁ ਕਰਿ ਪੁਤਰਾ ਕੀਨਾ। ਕਿਰਤ ਮਿਲਾਵਾ ਹੋਆ ॥
(ਪੰਨਾ ੮੮੪)

— ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ
ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥ (ਪੰਨਾ ੭੩੬)

— ਪੰਚ ਤਤੁ ਮਿਲਿ ਕਾਇਆ ਕੀਨੀ ॥
ਤਿਸ ਮਹਿ ਰਾਮ ਰਤਨੁ ਲੈ ਚੀਨੀ ॥ (ਪੰਨਾ ੧੦੩੦)

— ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨ ਚੰਦੋਆ ॥
ਪਵਨੁ ਵਿਚੋਲਾ ਕਰਤ ਇਕੇਲਾ ਜਲੇ ਤੇ ਓਪਤਿ ਹੋਆ ॥
(ਪੰਨਾ ੮੮੪)

ਸਾਇੰਸ ਨੇ ਦਸਿਆ ਕਿ ਤੱਤ ਪੰਜ ਨਹੀਂ, ਸੌ ਦੇ ਕਰੀਬ ਹਨ। ਹੁਣ ਸਾਇੰਸ ਕਹਿੰਦੀ ਹੈ ਕਿ ਇਨ੍ਹਾਂ ਸੌ ਤੱਤਾਂ ਤੋਂ ਵੀ ਸੂਖਮ ਤੱਤ ਹੈ ਐਟਮ ਜਿਸ ਦੇ



Digitized by Panjab Digital Library | www.panjabdigilib.org

ਜੋੜ ਨਾਲ ਸਭ ਬਣਦਾ ਹੈ। ਇਸ ਤਰ੍ਹਾਂ ਪਾਣੀ ਦੋ ਐਟਮਾਂ-ਔਕਸੀਜਨ (Oxygen) ਗੈਸ ਦਾ ਇਕ ਐਟਮ ਤੇ ਹਾਈਡਰੋਜਨ (Hydrogen) ਗੈਸ ਦੇ ਦੋ ਐਟਮ ($H_2O$) ਦੇ ਜੋੜ ਨਾਲ ਬਣਦਾ ਹੈ। ਇਸ ਤਰ੍ਹਾਂ ਹੀ ਇਨ੍ਹਾਂ ਦੇ ਵੱਖ ਵੱਖ ਸਮੂਹਾਂ ਨਾਲ ਸੰਜਾਰ ਦੀਆਂ ਵੱਖ-ਵੱਖ ਵਸਤੂਆਂ ਬਣਦੀਆਂ ਹਨ। ਹੁਣ ਦੀ ਵਿਗਿਆਨਕ ਖੋਜ ਦੱਸਦੀ ਹੈ ਕਿ ਇਹ ਐਟਮ ਵੀ ਅਖੀਰਲੀ ਗੱਲ ਨਹੀਂ। ਇਸ ਦੇ ਅਤੀ-ਸੂਖਮ ਤਿੰਨ ਹਿੱਸੇ ਹਨ—ਇਲੈਕਟਰੋਨ (Electron), ਪਰੋਟੋਨ (Proton) ਤੇ ਨੀਊਟਰੋਨ (Neutron)। ਇਨ੍ਹਾਂ ਤਿੰਨਾਂ ਦੀ ਗਿਣਤੀ ਦੇ ਬਦਲ/ਫੇਰ ਨਾਲ ਸੰਸਾਰ ਦੀ ਹਰ ਵਸਤੂ ਬਣਦੀ ਹੈ। ਖੈਰ, ਮੋਟੀ ਗੱਲ ਇਹ ਹੈ ਕਿ ਮੁਢਲੇ ਪੰਜ ਤੱਤ, ਜਾਂ ਸੌ ਤੱਤਾਂ, ਜਾਂ ਇਨ੍ਹਾਂ ਤੱਤਾਂ ਦੇ ਐਟਮਾਂ, ਜਾਂ ਇਨ੍ਹਾਂ ਐਟਮਾਂ ਦੇ ਸੂਖਮ ਹਿੱਸੇ, ਆਪਣੇ ਧਰਮ ਦਾ ਪਾਲਣ ਕਰਦੇ ਹਨ। ਹਵਾ ਦਾ ਧਰਮ ਹੈ ਉੱਪਰ ਵਲ ਜਾਣਾ। ਇਹ ਆਪਣਾ ਧਰਮ ਨਿਭਾ ਰਹੀ ਹੈ। ਹਵਾ ਕਦੀ ਹੇਠਾਂ ਵਲ ਨਹੀਂ ਵਗਦੀ। ਪਾਣੀ ਦਾ ਧਰਮ ਹੈ ਹੇਠਾਂ ਵਲ ਵਗਣਾ। ਇਹ ਕਦੀ ਉੱਪਰ ਵਲ ਨਹੀਂ ਵਗਦਾ। ਹਵਾ ਉੱਪਰ ਵਲ ਜਾਂਦੀ ਹੈ ਪਾਣੀ ਹੇਠਾਂ ਵਲ। ਅਗਨੀ ਦਾ ਧਰਮ ਹੈ ਗਰਮੀ ਦੇਣਾ, ਸੇਕ ਦੇਣਾ। ਇਹ ਹਮੇਸ਼ਾਂ ਆਪਣਾ ਧਰਮ ਨਿਭਾਉਂਦੀ ਹੈ। ਸੂਰਜ ਅਗਨੀ ਦਾ ਸਰੋਤ ਹੈ। ਸੂਰਜ ਕਦੀ ਗਰਮੀ ਦੇਣਾ ਨਹੀਂ ਛੱਡਦਾ। ਜੇ ਇਹ ਆਪਣੀ ਗਰਮੀ ਦੇਣਾ ਛੱਡ ਦੇਵੇ ਤਾਂ ਸਾਡੀ ਧਰਤੀ ਠੰਢ ਨਾਲ ਜਮ ਕੇ ਬਰਫ ਵਾਂਗ ਸਖਤ ਹੋ ਜਾਏ ਤੇ ਸਾਰੇ ਜੀਅ ਜੰਤ ਦਾ ਨਾਸ਼ ਹੋ ਜਾਏ। ਅਸਲ ਵਿਚ ਕਈ ਸਾਇੰਸਦਾਨਾਂ ਦਾ ਵਿਚਾਰ ਹੈ ਕਿ ਹੌਲੀ-ਹੌਲੀ ਸੂਰਜ ਦੀ ਗਰਮੀ ਘਟ ਰਹੀ ਹੈ ਤੇ ਇਕ ਲੰਬੇ ਸਮੇਂ ਬਾਅਦ (ਕਰੋੜਾਂ ਸਾਲ ਬਾਅਦ) ਇਸ ਦੀ ਗਰਮੀ ਬਿਲਕੁਲ ਨਹੀਂ ਰਹੇਗੀ। ਇਸ ਨੂੰ ਧਰਮ ਗ੍ਰੰਥਾਂ ਨੇ ਪਰਲੋ ਕਹਿ ਕੇ ਦਸਿਆ ਹੈ। ਪਾਤਾਲ ਦਾ ਅਰਥ ਹੈ ਖ਼ਲਾ, ਖਾਲੀ ਹੋਣਾ। ਇਹ ਖਾਲੀ ਜਗ੍ਹਾ ਧਰਤੀ ਦੇ ਹੇਠਾਂ ਹੋਏ ਤਾਂ ਇਸ ਨੂੰ ਪਾਤਾਲ ਕਹਿੰਦੇ ਹਨ ਤੇ ਜੇ ਧਰਤੀ ਦੇ ਉੱਪਰ ਹੋਏ ਤਾਂ ਆਕਾਸ਼। ਪਰ ਪਾਤਾਲ (ਜਾਂ ਆਕਾਸ਼) ਦਾ ਗੁਣ ਹੈ ਖਾਲੀ ਹੋਣਾ, ਬਿਲਕੁਲ ਖਾਲੀ ਹੋਣਾ। ਇੰਨਾ ਖਾਲੀ ਹੋਣਾ ਕਿ ਉਸ ਵਿਚ ਸੂਖਮ ਹਵਾ ਵੀ ਨਾ ਹੋਏ।



Digitized by Panjab Digital Library | www.panjabdigilib.org

## ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥

"ਤਿਸੁ" ਥਲੇ ਔਂਕੜ ਹੈ ਜਿਸ ਦਾ ਅਰਥ ਹੈ ਕਿ ਸ਼ਬਦ 'ਤਿਸੁ' ਇਕ ਬਚਨ ਹੈ। ਇਸ ਦਾ ਅਰਥ ਹੈ ਕਿ ਪਵਣ, ਪਾਣੀ, ਅਗਨੀ ਤੇ ਪਾਤਾਲ ਕੋਲ ਵੱਖਰੀਆਂ ਧਰਤੀਆਂ ਨਹੀਂ ਰੱਖੀਆਂ ਗਈਆਂ। ਧਰਤੀ ਇਕੋ ਹੈ ਤੇ ਇਨ੍ਹਾਂ ਚਾਰਾਂ ਦੇ ਗਰੁੱਪ ਲਈ ਸਾਂਝੀ ਹੈ। ਇਹ ਚਾਰ (ਪਵਣ, ਪਾਣੀ, ਅਗਨੀ, ਪਾਤਾਲ) ਸਾਡੀ ਧਰਤੀ ਦਾ ਉਛਾੜ ਹਨ ਜਿਸ ਵਿਚ ਧਰਤੀ ਲਿਪਟੀ ਹੋਈ ਹੈ। ਗੱਲ ਸਾਇੰਸ ਦੀ ਨਿਗਾਹ ਨਾਲ ਵੀ ਠੀਕ ਹੈ। ਧਰਤੀ ਦੇ ਬਿਲਕੁਲ ਨੇੜੇ ਹਵਾ ਹੈ, ਫਿਰ ਇਸ ਤੋਂ ਪਰ੍ਹੇ ਪਾਣੀ ਦੇ ਬੱਦਲ ਹਨ, ਫਿਰ ਹੋਰ ਪਰ੍ਹੇ ਸੂਰਜ ਦੀ ਗਰਮੀ ਹੈ ਤੇ ਉਸ ਤੋਂ ਪਰ੍ਹੇ ਖ਼ਲਾ ਹੈ। ਇਹ ਰਲ ਕੇ ਸਾਡਾ ਵਾਯੂਮੰਡਲ ਬਣਾਉਂਦੇ ਹਨ, ਸਾਡੀ ਇਨਵਾਇਰਨਮੈਂਟ (Environment) ਬਣਾਉਂਦੇ ਹਨ। ਧਰਤੀ ਦਾ ਧਰਮ ਹੈ ਠੋਸ ਹੋਣਾ, ਸਖਤ ਹੋਣਾ ਤੇ ਇਕ ਮੁਕੱਰਰ ਸਪੀਡ ਨਾਲ ਸੂਰਜ ਦੀ ਪ੍ਰਕਰਮਾ ਕਰੀ ਜਾਣਾ। ਧਰਤੀ ਸੂਰਜ ਦਾ ਚੱਕਰ ਤਕਰੀਬਨ ੩੬੫ ਦਿਨਾਂ ਵਿਚ ਪੂਰਾ ਕਰ ਲੈਂਦੀ ਹੈ। ਇਸ ਦੀ ਚਾਲ ਵਿਚ ਕੋਈ ਫਰਕ ਨਹੀਂ ਪੈਂਦਾ। ਇਸ ਤਰ੍ਹਾਂ ਨਹੀਂ ਹੁੰਦਾ ਕਿ ਧਰਤੀ ਇਕ ਦਿਨ ਨਾ ਚਲੇ, ਦੋ ਦਿਨ ਹੌਲੀ-ਹੌਲੀ ਚਲੇ ਤੇ ਚਾਰ ਦਿਨ ਤੇਜ਼ੀ ਨਾਲ ਚਲੇ। ਨਹੀਂ, ਇਹ ਆਪਣੇ ਧਰਮ ਦੇ ਨਿਭਾਉਣ ਵਿਚ ਕੋਈ ਕੋਤਾਹੀ ਨਹੀਂ ਕਰਦੀ। ਇਸੇ ਲਈ ਧਰਤੀ ਨੂੰ ਧਰਮਸਾਲ ਕਿਹਾ ਹੈ। ਧਰਮਸਾਲ ਦਾ ਅਰਥ ਹੈ ਧਰਮ ਕਮਾਣ ਦੀ ਜਗ੍ਹਾ। ਇਥੇ ਧਰਤੀ ਆਪ ਵੀ ਤੇ ਇਸ ਦੇ ਚਾਰ ਪਿਆਰੇ (ਪਵਣ, ਪਾਣੀ, ਅਗਨੀ, ਪਾਤਾਲ) ਵੀ ਆਪਣਾ-ਆਪਣਾ ਧਰਮ ਨਿਭਾਈ ਜਾ ਰਹੇ ਹਨ। ਗੁਰਵਾਕ ਹੈ—

— ਪਾਤਾਲ ਪੁਰੀਆ ਲੋਅ ਆਕਾਰਾ ॥
ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥

(ਪੰਨਾ ੧੦੬੦)

## ਤਿਸੁ ਵਿਚ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥

ਧਰਤੀ ਤਾਂ ਆਪਣਾ ਧਰਮ ਕਮਾਉਂਦੀ ਹੀ ਹੈ ਪਰ ਇਸ ਵਿਚ ਵਸਦੇ



Digitized by Panjab Digital Library | www.panjabdigilib.org

ਸਾਰੇ ਜੀਆ-ਜੰਤ (ਮਨੁੱਖ ਨੂੰ ਛੱਡ ਕੇ) ਆਪਣੇ-ਆਪਣੇ ਧਰਮ ਦੀ ਪਾਲਣਾ ਕਰ ਰਹੇ ਹਨ। ਗੁਰਵਾਕ ਹੈ—

— ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥

(ਪੰਨਾ ੪੧੮)

ਰ੍ਰਿੰਦ-ਪ੍ਰਿੰਦ, ਪਸ਼ੂ-ਪੰਖੀ, ਸਭ ਆਪਣੇ ਧਰਮ ਦੇ ਧਾਰਨੀ ਹਨ। ਧਰਤੀ ਵਿਚ ਕਈ ਰੰਗਾਂ ਤੇ ਕਈ ਨਾਂਵਾਂ ਦੇ ਜੀਅ ਰਹਿੰਦੇ ਹਨ ਤੇ ਸਭ ਆਪਣਾ-ਆਪਣਾ ਜੀਵਨ ਕਈ ਜੁਗਤਾਂ (ਤਰੀਕਿਆਂ) ਨਾਲ ਨਿਭਾਉਂਦੇ ਹਨ। ਧਰਮ ਪੁਸਤਕਾਂ ਵਿਚ ਇਨ੍ਹਾਂ ਜੀਆਂ ਦੀ ਗਿਣਤੀ ੮੪ ਲੱਖ ਮੰਨੀ ਜਾਂਦੀ ਹੈ। ਗੁਰਬਾਣੀ ਵੀ ਕਹਿੰਦੀ ਹੈ—

— ਲਖ ਚਉਰਾਸੀਹ ਆਪਿ ਉਪਾਏ ॥
ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ ॥

(ਪੰਨਾ ੧੦੬੧)

— ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ ॥

(ਪੰਨਾ ੧੦੩੪)

— ਲਖ ਚਉਰਾਸੀਹ ਜੀਅ ਉਪਾਏ ॥
ਗਿਆਨੀ ਧਿਆਨੀ ਆਖਿ ਸੁਣਾਏ ॥

(ਪੰਨਾ ੧੦੪੪)

— ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ ॥

(ਪੰਨਾ ੩੩੮)

— ਗੁਣ ਗਾਵੈ ਨਿਤ ਨਿਤ ਨਿਤ ਨਵੇ ॥
ਲਖ ਚਉਰਾਸੀਹ ਜੋਨਿ ਨ ਭਵੇ ॥

(ਪੰਨਾ ੧੩੪੦)

ਪਰ ਸਾਇੰਸ ਅਨੁਸਾਰ ਕੁਲ ਤਿੰਨ ਲੱਖ ਦੇ ਕਰੀਬ ਜੂਨਾਂ ਹਨ। ਜੂਨਾਂ ਤਿੰਨ



Digitized by Panjab Digital Library | www.panjabdigilib.org

ਲੱਖ ਹੋਣ ਜਾਂ ਚੋਰਾਸੀ ਲੱਖ, ਸਾਰੀਆਂ ਆਪਣੇ ਧਰਮ ਨੂੰ ਨਿਭਾਉਂਦੀਆਂ ਹਨ, ਸਿਵਾਏ ਮਨੁੱਖ ਦੇ। ਮਨੁੱਖ ਆਪਣੇ ਸੱਚੇ ਧਰਮ ਨੂੰ ਨਹੀਂ ਨਿਭਾਉਂਦਾ। ਇਸ ਨੇ ਆਪਣੀ ਬੁਧੀ ਅਨੁਸਾਰ ਆਪਣੇ ਧਰਮ ਦੀ ਵੱਖਰੀ ਰੂਪ ਰੇਖਾ ਬਣਾ ਲਈ ਹੈ। ਇਸ ਨੇ ਆਪਣੇ ਲਈ ਕੱਚੇ ਧਰਮ ਦੀ ਉਸਾਰੀ ਕਰ ਲਈ ਹੈ।

ਇਸ ਨੇ ਹਿੰਦੂ ਧਰਮ, ਮੁਸਲਿਮ ਧਰਮ, ਇਸਾਈ ਧਰਮ, ਸਿੱਖ ਧਰਮ ਆਦਿ ਸਜਾ ਲਏ ਹਨ। ਹਿੰਦੂ ਧਰਮ ਦੇ ਪੰਡਤਾਂ ਨੇ ਹਿੰਦੂਆਂ ਨੂੰ ਨਾ ਸਿਰਫ ਹੋਰਨਾਂ ਨਾਲੋਂ ਅੱਡ ਕਰ ਲਿਆ ਹੈ ਬਲਕਿ ਹਿੰਦੂਆਂ ਨੂੰ ਵੀ ਚਾਰ ਸ਼੍ਰੇਣੀਆਂ ਵਿਚ ਵੰਡ ਦਿੱਤਾ ਹੈ—ਬ੍ਰਾਹਮਣ, ਖਤਰੀ, ਵੈਸ਼ ਤੇ ਸੂਦਰ। ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਕਿਹਾ ਕਿ ਮਨੁੱਖ ਨੂੰ ਆਪਣੇ ਧਰਮ ਦੀ ਕਿਰਤ ਕਰਨ ਵਿਚ ਹੀ ਸਿੱਧੀ ਪ੍ਰਾਪਤ ਹੁੰਦੀ ਹੈ, "ਸਵੈ ਸਵੈ ਕਰਮਯ ਕਿਟਤਹ ਸੰਸਿਧੀ ਲਭੇਤ ਨਰ।" ਕ੍ਰਿਸ਼ਨ ਜੀ ਕਹਿ ਰਹੇ ਹਨ ਕਿ ਮਨੁੱਖ ਨੂੰ ਆਪਣੇ ਸੱਚੇ ਧਰਮ (ਭੈ-ਰਹਿਤ, ਈਰਖਾ-ਰਹਿਤ, ਵੈਰ-ਰਹਿਤ, ਝੂਠ-ਰਹਿਤ, ਕਾਮ-ਕਰੋਧ ਰਹਿਤ) ਵਿਚ ਦ੍ਰਿੜ ਹੋਣਾ ਚਾਹੀਦਾ ਹੈ। ਪਰ ਖ਼ੁਦਗਰਜ਼ ਪੰਡਤਾਂ-ਬ੍ਰਾਹਮਣਾਂ ਨੇ ਇਹ ਅਰਥ ਕੱਢ ਲਿਆ ਕਿ ਵੇਦ ਪਾਠ ਕਰਨਾ ਬ੍ਰਾਹਮਣਾਂ ਦਾ ਹੀ ਧਰਮ ਹੈ, ਨੀਵੀਆਂ ਜਾਤੀਆਂ (ਸੂਦਰ) ਦਾ ਨਹੀਂ। ਜਾਂ ਰਾਜ ਕਰਨਾ ਖਤਰੀਆਂ ਦਾ ਹੀ ਧਰਮ ਹੈ, ਸੂਦਰਾਂ ਦਾ ਨਹੀਂ। ਸੂਦਰਾਂ ਦਾ ਧਰਮ ਕੀ ਹੈ? ਇਹ ਹੈ ਲੋਕਾਂ ਦੀ ਸੇਵਾ ਕਰਨਾ, ਭੁਖਾ ਰਹਿਣਾ, ਨੰਗਾ ਫਿਰਨਾ, ਅਨਪੜ੍ਹ ਰਹਿਣਾ, ਬੀਮਾਰੀਆਂ ਵਿਚ ਫਸੇ ਰਹਿਣਾ ਤੇ ਦੁਖੀ ਜੀਵਨ ਬਤੀਤ ਕਰਨਾ। ਧਰਮ ਦੇ ਇਸ ਗਲਤ ਅਰਥ ਬਾਰੇ ਗੁਰੂ ਜੀ ਨੇ ਸਿੱਖਾਂ ਨੂੰ ਆਸਾ ਦੀ ਵਾਰ ਦੀ ੧੧ਵੀਂ ਪਉੜੀ ਵਿਚ ਸਾਵਧਾਨ ਕੀਤਾ ਹੈ। ਆਪ ਜੀ ਨੇ ਕਿਹਾ ਕਿ ਮਨੁੱਖ ਦਾ ਧਰਮ (ਸ਼ਬਦ) ਇਕੋ ਹੈ ਤੇ ਉਹ ਹੈ ਸਭ ਦਾ ਇਕੋ ਪਿਤਾ ਦੀ ਸੰਤਾਨ ਹੋਣਾ। ਗੁਰਵਾਕ ਹੈ—

— ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥
ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥

(ਪੰਨਾ ੪੬੯)



Digitized by Panjab Digital Library | www.panjabdigilib.org

ਗੁਰੂ ਜੀ ਨੇ ਜਾਤੀਵਾਦ ਤੇ ਸਿਧੀ ਸੱਟ ਕਰਦਿਆਂ ਹੋਇਆਂ ਕਿਹਾ ਕਿ ਸਾਰਿਆਂ ਵਿਚ ਇਕੋ ਕ੍ਰਿਸ਼ਨ (ਵਾਹਿਗੁਰੂ) ਵਸ ਰਿਹਾ ਹੈ, ਇਕੋ ਰੱਬ ਬੋਲ ਰਿਹਾ ਹੈ "ਏਕ ਕ੍ਰਿਸ਼ਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ।" ਉਹ ਸਭ ਵਿਚ ਹੈ ਤੇ ਉਸ ਨੂੰ ਉਹੀ ਪਿਆਰੇ ਹਨ ਜਿਹੜੇ ਆਪਣੇ ਧਰਮ (ਸੱਚੇ) ਦਾ ਪਾਲਨ ਕਰਦੇ ਹਨ।

## ਕਰਮੀ ਕਰਮੀ ਹੋਇ ਵੀਚਾਰੁ।

ਇਸ ਸਬੰਧ ਵਿਚ ਗੁਰੂ ਜੀ ਦੱਸਦੇ ਹਨ ਕਿ ਸੱਚੇ ਦੇ ਦਰਬਾਰ ਵਿਚ ਮਨੁੱਖ ਦੇ ਸੱਚੇ ਕਰਮਾਂ ਅਨੁਸਾਰ ਨਿਬੇੜਾ ਹੋਏਗਾ। ਗੁਰੂ ਜੀ ਕਹਿੰਦੇ ਹਨ "ਕਰਮੀ ਕਰਮੀ ਹੋਇ ਵੀਚਾਰੁ।" ਸ਼ਬਦ ਕਰਮੀ ਨੂੰ ਦੋ ਵਾਰੀ ਵਰਤਿਆ ਗਿਆ ਹੈ। ਪਹਿਲਾਂ ਕਰਮੀ ਸ਼ਬਦ ਸੱਚੇ ਧਰਮ ਦੀ ਕਮਾਈ ਲਈ ਹੈ ਤੇ ਦੂਸਰਾ ਝੂਠੇ ਧਰਮ ਦੀ ਕਮਾਈ ਲਈ। ਮਨੁੱਖ ਦੇ ਸੱਚੇ-ਝੂਠੇ, ਚੰਗੇ-ਮੰਦੇ, ਕਰਮਾਂ ਤੇ ਵਿਚਾਰ ਹੁੰਦੀ ਹੈ। ਪਰ ਪਤਾ ਕਿਸ ਤਰ੍ਹਾਂ ਲੱਗਦਾ ਹੈ ਕਿ ਮਨੁੱਖ ਨੇ ਕੀ-ਕੀ ਕਰਮ ਕੀਤੇ? ਕੀ ਸਬੂਤ ਹੈ ਕਿ ਇਸ ਨੇ ਫਲਾਂ-ਫਲਾਂ ਸਾਲ ਫਲਾਂ ਫਲਾਂ ਕਰਮ ਕੀਤਾ? ਇਸ ਬਾਰੇ ਧਰਮ ਕਹਿੰਦਾ ਹੈ ਕਿ ਚਿੱਤਰ ਤੇ ਗੁਪਤ ਦੋ ਧਰਮ ਰਾਏ ਦੇ ਮੁਨਸ਼ੀ ਮਨੁੱਖਾਂ ਦੇ ਕਰਮਾਂ ਨੂੰ ਨਾਲੋ-ਨਾਲ ਲਿਖੀ ਜਾਂਦੇ ਹਨ! ਇਕ ਮੁਨਸ਼ੀ ਮਨੁੱਖ ਦੇ ਸੱਜੇ ਮੋਢੇ ਤੇ ਬੈਠਦਾ ਹੈ ਤੇ ਦੂਸਰਾ ਖੱਬੇ ਮੋਢੇ ਤੇ। ਮੋਢਿਆਂ ਤੇ ਬੈਠਣ ਦਾ ਅਰਥ ਉੱਚੀ ਥਾਂ ਤੇ ਬੈਠਣ ਦਾ ਹੈ ਜਿਥੇ ਬੈਠਿਆਂ ਕੋਈ ਕੰਮ ਦਿਸਣੋਂ ਨਾ ਰਹਿ ਸਕੇ। ਆਮ ਸਮਝਾਉਣ ਲਈ ਇਹ ਕਹਾਣੀ ਠੀਕ ਹੈ। ਪਰ ਗਹਿਰੇ ਵਿਚ "ਚਿੱਤਰ" ਦਾ ਅਰਥ ਹੁੰਦਾ ਹੈ, "ਲਿਖਣਾ, ਚਿਤਰਣਾ" ਤੇ "ਗੁਪਤ" ਦਾ ਅਰਥ ਹੁੰਦਾ ਹੈ, "ਚੋਰੀ-ਛੁਪੇ, ਅਣ-ਡਿੱਠੇ।" ਸਾਡੇ ਕਰਮ, ਸਾਡੇ ਜਾਣਿਆਂ ਬਗੈਰ (ਗੁਪਤ ਰੂਪ ਵਿਚ) ਲਿਖੇ (ਚਿਤਰੇ) ਜਾਂਦੇ ਹਨ। ਚਿੱਤਰ ਦਾ ਇਕ ਹੋਰ ਅਰਥ ਹੈ "ਚਿਤ, ਮਨ"। ਯਾਨੀ ਸਾਡਾ ਮਨ (ਚਿੱਤਰ) ਸਾਡੇ ਜਾਣੇ ਬਗੈਰ (ਗੁਪਤ) ਸਾਡੇ ਕਰਮ ਲਿਖਦਾ ਰਹਿੰਦਾ ਹੈ।

ਸਾਇੰਸ ਮੰਨਦੀ ਹੈ ਕਿ ਸਾਡੇ ਸਾਰੇ ਵਿਚਾਰ ਸਾਡਾ ਮਨ ਰੀਕਾਰਡ ਕਰਦਾ ਰਹਿਦਾ ਹੈ। ਕਰਮ ਹੀ ਨਹੀਂ, ਵਿਚਾਰ ਵੀ ਰੀਕਾਰਡ ਹੁੰਦੇ ਹਨ। ਕਿਉਂ? ਵਿਚਾਰ ਕਿਉਂ ਰੀਕਾਰਡ ਹੁੰਦੇ ਹਨ? ਕਿਉਂਕਿ ਹਰ ਇਕ ਕਰਮ ਦਾ ਬੀਂ ਵਿਚਾਰ



Digitized by Panjab Digital Library | www.panjabdigilib.org

ਵਿਚ ਹੁੰਦਾ ਹੈ । ਜ਼ਰੂਰੀ ਨਹੀਂ ਕਿ ਵਿਚਾਰ ਕਰਮ ਦਾ ਰੂਪ ਧਾਰਨ ਕਰੇ । ਬਹੁਤੇ ਕਰ ਕੇ ਵਿਚਾਰ ਵਿਚਾਰਨ ਤਕ ਹੀ ਸੀਮਤ ਰਹਿੰਦੇ ਹਨ । ਅਸੀਂ ਕਈ ਗੱਲਾਂ ਵਿਚਾਰਦੇ ਹਾਂ ਪਰ ਉਨ੍ਹਾਂ ਤੇ ਅਮਲ ਨਹੀਂ ਕਰਦੇ । ਪਰ ਸਾਇੰਸ ਇਸ ਅਰਥ ਵਿਚ ਕਰਮ-ਫਲ ਨੂੰ ਨਹੀਂ ਮੰਨਦੀ । ਸਾਇੰਸ ਅਨੁਸਾਰ ਸਾਡੇ ਵਿਚਾਰ ਆਪਣੇ ਆਪ ਹੀ ਮਨ ਤੇ ਅੰਕਿਤ ਹੋ ਜਾਂਦੇ ਹਨ ਤੇ ਸਾਡਾ ਸੁਭਾਅ ਬਣਾਉਂਦੇ ਰਹਿੰਦੇ ਹਨ । ਮਰਨ ਨਾਲ ਗੱਲ ਮੁਕ ਜਾਂਦੀ ਹੈ । ਪਰ ਧਰਮ ਦੀ ਦ੍ਰਿਸ਼ਟੀ ਤੋਂ ਗੱਲ ਮਰਨ ਨਾਲ ਨਹੀਂ ਮੁਕਦੀ । ਸਾਡਾ ਸੁਭਾਅ ਸਾਨੂੰ ਫਿਰ ਜਨਮ ਲੈਣ ਤੇ ਮਜਬੂਰ ਕਰਦਾ ਹੈ ਤੇ ਨਵੇਂ ਜਨਮ ਵਿਚ ਅਸੀਂ ਪੁਰਾਣੇ ਕਮਾਏ ਸੁਭਾਅ ਅਨੁਸਾਰ ਵਿਚਾਰਦੇ ਤੇ ਕਰਮ ਕਰਦੇ ਹਾਂ । ਅਸੀਂ ਫਿਰ ਮਰਦੇ ਹਾਂ ਤੇ ਸਾਡੇ ਕੀਤੇ ਕਰਮਾਂ ਅਨੁਸਾਰ ਇਨਸਾਫ ਹੁੰਦਾ ਹੈ ।

ਮਰਨ ਬਾਅਦ ਚਿਤਰ-ਗੁਪਤ ਰੱਬ ਦੀ ਹਜ਼ੂਰੀ ਵਿਚ ਸਾਡੇ ਕੋਲੋਂ ਲੇਖਾ ਮੰਗਦੇ ਹਨ, ਸਾਡੇ ਲਿਖੇ ਕਰਮ ਸਾਨੂੰ ਵਿਖਾਉਂਦੇ ਹਨ । ਗੁਰਵਾਕ ਹੈ—

— ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥
(ਪੰਨਾ ੬੧੬)

— ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥
ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥
(ਪੰਨਾ ੩੯੩)

ਇਸ ਲਿਖੇ ਰੀਕਾਰਡ ਅਨੁਸਾਰ ਸਾਡਾ ਅਗਲੇ ਜਨਮ ਬਾਰੇ ਫੈਸਲਾ ਹੁੰਦਾ ਹੈ ।

## ਸਚਾ ਆਪਿ ਸਚਾ ਦਰਬਾਰੁ ॥

ਉਸ ਫੈਸਲੇ ਵਿਚ ਕੋਈ ਪੱਖ-ਪਾਤ, ਕੋਈ ਲਿਹਾਜ਼ ਨਹੀਂ ਹੁੰਦਾ । ਰੱਬ ਸਤਿ ਦਾ ਪ੍ਰਤੀਕ ਹੈ । ਉਸ ਦਾ ਨਾਂ ਹੀ "ਸਤਿਨਾਮ" ਹੈ । ਇਸ ਲਈ ਉਹ ਸੱਚਾ ਹੈ ਤੇ ਉਸ ਦੀ ਕਚਹਿਰੀ (ਦਰਬਾਰ) ਵਿਚ ਕੀਤਾ ਨਿਆਉਂ ਵੀ ਸੱਚਾ ਹੁੰਦਾ ਹੈ । ਜਿਨ੍ਹਾਂ ਦੇ ਕਰਮ ਸੱਚੇ ਧਰਮ ਤੇ ਆਧਾਰਤ ਹੁੰਦੇ ਹਨ, ਜਿਸ ਤਰ੍ਹਾਂ ਭਗਤਾਂ ਦੇ, ਉਨ੍ਹਾਂ ਦਾ ਲੇਖਾ ਜੋਖਾ ਆਪੇ ਹੀ ਪਾੜ ਦਿੱਤਾ ਜਾਂਦਾ ਹੈ ਤੇ ਕੋਈ ਸਜ਼ਾ ਨਹੀਂ



Digitized by Panjab Digital Library | www.panjabdigilib.org

ਮਿਲਦੀ। ਸਗੋਂ ਉਨ੍ਹਾਂ ਨੂੰ ਪ੍ਰਸਾਦ ਮਿਲਦਾ ਹੈ, ਇਨਾਮ ਮਿਲਦਾ ਹੈ। ਗੁਰਵਾਕ ਹੈ—

— ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ ॥
(ਪੰਨਾ ੭੯)

## ਤਿਥੈ ਸੋਹਨਿ ਪੰਚ ਪਰਵਾਣੁ॥

ਰੱਬ ਦੇ ਦਰਬਾਰ ਵਿਚ ਪੰਚ ਹੀ ਕਬੂਲ (ਪਰਵਾਣ) ਪੈਂਦੇ ਹਨ ਤੇ ਉਹ ਹੀ ਉੱਥੇ ਸੋਭਾਮਾਨ ਹੁੰਦੇ ਹਨ। ਪਰ ਪੰਚ ਕੌਣ ? ਪੰਚ ਦਾ ਅਰਥ ਗੁਰਦੁਆਰਾ ਸਾਹਿਬ ਦੇ ਪ੍ਰਧਾਨ, ਰਾਜਨੀਤਕ ਆਗੂ ਤੇ ਪਿੰਡਾਂ ਦੀਆਂ ਕਮੇਟੀਆਂ ਦੇ ਪੰਚ ਜਾਂ ਸਰਪੰਚ ਨਹੀਂ ਹੈ। ਕਿਉਂਕਿ ਇਹ "ਪੰਚ" ਤਾਂ ਇਕ ਸਮਾਜਿਕ ਰੁਤਬਾ ਹੈ ਤੇ ਇਹ ਗਲਤ ਕੀਮਤਾਂ ਤੇ ਵੀ ਆਧਾਰਤ ਹੋ ਸਕਦਾ ਹੈ। ਤੇ ਆਮ ਕਰ ਕੇ ਗਲਤ ਕੀਮਤਾਂ ਤੇ ਹੀ ਆਧਾਰਤ ਹੁੰਦਾ ਹੈ। ਪਿੰਡਾਂ ਦੇ ਪੰਚ ਬਹੁਤਾ ਕਰ ਕੇ ਚੰਗੇ ਕਰਮਾਂ ਵਾਲੇ ਨਹੀਂ ਹੁੰਦੇ ਬਲਕਿ ਬ੍ਰਾਹਮਣ, ਖਤਰੀ, ਵੈਸ਼ ਜਾਂ ਨੇਤਾ, ਠਾਕੁਰ, ਸ਼ਾਹੂਕਾਰ ਦਾ ਜੁਟ ਹੁੰਦੇ ਹਨ ਜਿਹੜੇ ਗਰੀਬਾਂ ਦਾ ਖੂਨ ਚੂਸਦੇ ਹਨ। ਗੁਰਬਾਣੀ ਵਿਚ ਇਨ੍ਹਾਂ ਨੂੰ ਪੰਚ ਨਹੀਂ ਗਰਦਾਨਿਆ ਗਿਆ। ਫਿਰ ਪੰਚ ਕੌਣ ਹਨ ?

ਇਹ ਪੰਜ ਵਿਕਾਰ ਹਨ ਤੇ ਪੰਚ ਉਹ ਹੈ ਜਿਹੜਾ ਇਨ੍ਹਾਂ ਨੂੰ ਜਿੱਤ ਲੈਂਦਾ ਹੈ। ਪੰਚ ਉਹ ਹੈ ਜਿਹੜਾ ਝੂਠੇ ਧਰਮ ਨੂੰ ਤਿਆਗ ਕੇ ਸੱਚੇ ਧਰਮ ਵਲ ਜਾਂਦਾ ਹੈ, ਜਿਹੜਾ "ਕਾਮ-ਕਰੋਧ-ਲੋਭ-ਮੋਹ-ਹੰਕਾਰ" ਨੂੰ ਜਿੱਤ ਕੇ "ਸਤਿਨਾਮ-ਨਿਰਭਉ-ਨਿਰਵੈਰ-ਅਕਾਲ-ਮੂਰਤ-ਅਜੂਨੀ" ਵਲ ਯਾਤਰਾ ਕਰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਇਨ੍ਹਾਂ ਪੰਚ (ਪੰਜ) ਵਿਕਾਰਾਂ (ਦੂਤਾਂ) ਨੇ ਮਨੁੱਖ ਨੂੰ ਮੋਹ ਲਿਆ ਹੈ—

— ਪੰਚਦੂਤ ਮੁਹਹਿ ਸੰਸਾਰਾ ॥ ਮਨਮੁਖ ਅੰਧੇ ਸੁਧਿ ਨ ਸਾਰਾ ॥
(ਪੰਨਾ ੧੧੩)

ਮਨਮੁਖ ਨੂੰ ਕੋਈ ਸੁਧ ਨਹੀਂ, ਕੋਈ ਖਬਰ (ਸਾਰ) ਨਹੀਂ। ਗੁਰਮੁਖ ਹੋਣ ਨਾਲ ਇਹ ਪੰਚ ਮਨ ਦੇ ਕਾਬੂ ਆਉਂਦੇ ਹਨ ਤੇ ਮਨੁੱਖ ਪੰਚ ਬਣਦਾ ਹੈ। ਗੁਰਵਾਕ



Digitized by Panjab Digital Library | www.panjabdigilib.org

ਹੈ—

— ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ॥

(ਪੰਨਾ ੧੫੫)

— ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥

(ਪੰਨਾ ੨੦੮)

ਪੰਜ ਵਿਕਾਰਾਂ ਨੂੰ ਜਿਤਣ ਵਾਲਾ ਹੀ ਪੰਚ ਹੈ ਤੇ ਉਹੀ ਪਰਧਾਨ ਹੈ ਤੇ ਉਹੀ ਪਰਵਾਨ ਹੈ । ਗੁਰਵਾਕ ਹੈ—

— ਪੰਚ ਪਰਵਾਣ ਪੰਚ ਪਰਧਾਨੁ ਪੰਚੇ ਪਾਵਹਿ ਦਰਗਹਿ ਮਾਨੁ ॥
ਪੰਚੇ ਸੋਹਹਿ ਦਰਿ ਰਾਜਾਨੁ ॥

(ਪੰਨਾ ੩)

ਸਚੇ ਧਰਮ ਦਾ ਪਾਂਧੀ ਹੀ ਪੰਚ ਹੈ ।

## ਨਦਰੀ ਕਰਮਿ ਪਵੈ ਨੀਸਾਣੁ ॥

ਪਰ ਸਿਰਫ ਪੈਂਡਾ ਮਾਰਨ ਨਾਲ ਹੀ ਮੰਜ਼ਲ ਨਹੀਂ ਮਿਲਦੀ । ਸਿਰਫ ਕਰਮ ਕਰ ਕੇ ਅਸੀਂ ਗੁਰਦੁਆਰੇ ਤਕ ਤਾਂ ਅਪੜ ਸਕਦੇ ਹਾਂ ਪਰ ਗੁਰ-ਦਰਬਾਰ ਤਕ ਨਹੀਂ । ਇਸ ਲਈ ਉਸ ਦੀ ਨਦਰ ਦੀ ਲੋੜ ਹੈ । ਉਸ ਦੀ ਬਖਸ਼ਸ਼ ਦੀ, ਮਿਹਰ ਦੀ, ਪ੍ਰਸਾਦ ਦੀ ਲੋੜ ਹੈ । ਇਸ ਲਈ ਕਰਮ ਨੂੰ ਆਪਣਾ ਨੀਸਾਣ (ਮੰਜ਼ਲ) ਉਸ ਦੀ ਨਦਰ ਦੁਆਰਾ ਹੀ ਮਿਲਦਾ ਹੈ—

— ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ ॥

(ਪੰਨਾ ੧੫੦)

## ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥

ਅਸੀਂ ਕੱਚੇ ਧਰਮ ਮਗਰ ਲੱਗੇ ਰਹੇ ਜਾਂ ਸੱਚੇ ਧਰਮ ਮਗਰ, ਇਹ ਉੱਥੇ ਉਸ ਦੀ ਹਜ਼ੂਰੀ ਵਿਚ ਪਹੁੰਚ ਕੇ ਹੀ ਪਤਾ ਚਲੇਗਾ । ਇਥੇ ਤਾਂ ਅਸੀਂ ਸਮਾਜ ਨੂੰ,



Digitized by Panjab Digital Library | www.panjabdigilib.org

ਸਾਥੀਆਂ ਨੂੰ, ਧੋਖਾ ਦੇ ਸਕਦੇ ਹਾਂ। ਧਾਰਮਿਕ ਹੋਣ ਦਾ, ਸੱਚੇ ਧਰਮ ਦੇ ਧਾਰਣੀ ਹੋਣ ਦਾ, ਮਖੌਟਾ ਤਾਂ ਚੜ੍ਹਾ ਸਕਦੇ ਹਾਂ ਤੇ ਲੋਕਾਂ ਨੂੰ ਧੋਖਾ ਦੇ ਸਕਦੇ ਹਾਂ, ਪਰ ਉੱਥੇ ? ਉੱਥੇ ਕਿਸ ਨੂੰ ਧੋਖਾ ਦੇਉਗੇ ਤੇ ਕਿਸ ਤਰ੍ਹਾਂ ?

ਸਮੁਚੀ ਪਉੜੀ ਦਾ ਭਾਵ ਹੈ ਕਿ ਮਨੁੱਖ ਨੂੰ ਛੱਡ ਕੇ ਸਾਰੀ ਧਰਤੀ, ਉਸ ਦਾ ਵਾਯੂਮੰਡਲ ਤੇ ਉਸ ਤੇ ਵਸਦੇ ਸਾਰੇ ਪ੍ਰਾਣੀ ਆਪਣੇ ਸੱਚੇ ਧਰਮ ਦਾ ਪਾਲਣ ਕਰਦੇ ਹਨ। ਮਨੁੱਖ ਹੀ ਸੱਚੇ ਧਰਮ ਮਗਰ ਨਹੀਂ ਚਲਦਾ ਤੇ ਦੁਖੀ ਰਹਿੰਦਾ ਹੈ। ਗੁਰੂ ਜੀ ਮਨੁੱਖ ਨੂੰ ਸਮਝਾ ਰਹੇ ਹਨ ਕਿ ਜੇ ਸਾਰੇ ਹੀ ਸੱਚੇ ਧਰਮ ਦਾ ਪਾਲਣ ਕਰ ਰਹੇ ਹਨ ਤਾਂ ਤੂੰ ਕਿਉਂ ਨਹੀਂ ਕਰਦਾ ? ਤੂੰ ਵੀ ਸੱਚੇ ਧਰਮ ਦਾ ਪਾਲਣ ਕਰ, ਸੱਚਾ ਧਰਮ ਕਮਾ।

○ ○



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

**ਜਪੁ ਜੀ ਸਾਹਿਬ—੩੫ਵੀਂ ਪਉੜੀ**

**ਗਿਆਨ ਖੰਡ ਕਾ ਆਖਹੁ ਕਰਮੁ ॥**

ਧਰਮ ਖੰਡ ਕਾ ਏਹੋ ਧਰਮੁ ॥
ਗਿਆਨ ਖੰਡ ਕਾ ਆਖਹੁ ਕਰਮੁ ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ।
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥ ੩੫ ॥

(ਪੰਨਾ ੭)

Digitized by Panjab Digital Library | www.panjabdigilib.org

## ੨

# ਗਿਆਨ ਖੰਡ ਕਾ ਆਖਹੁ ਕਰਮੁ ॥

**ਧਰਮ ਖੰਡ ਕਾ ਏਹੋ ਧਰਮੁ ॥**

੩੫ਵੀਂ ਪਉੜੀ ਵਿਚ ਗੁਰੂ ਜੀ ਕਹਿੰਦੇ ਹਨ ਕਿ ਧਰਮ ਖੰਡ ਦਾ ਇਹੋ ਧਰਮ ਹੈ। ਪਰ ਕੀ ਧਰਮ ਹੈ, ਇਸ ਬਾਰੇ ਇਸ ਪਉੜੀ ਵਿਚ ਕੋਈ ਜ਼ਿਕਰ ਨਹੀਂ। ਇਸ ਦਾ ਜ਼ਿਕਰ ਪਿਛਲੀ ੩੪ਵੀਂ ਪਉੜੀ ਵਿਚ ਆਉਂਦਾ ਹੈ। ਇਸ ਤਰ੍ਹਾਂ ਕਿਉਂ ?

ਪਹਿਲਾਂ ਅਸੀਂ ਸਮਝੀਏ ਕਿ ਪਉੜੀ ਕੀ ਹੈ ? ਇਹ ਉਹ ਸੀੜ੍ਹੀ ਹੈ ਜਿਸ ਰਾਹੀਂ ਮਨੁੱਖ ਹੇਠਲੇ ਤਲ ਤੋਂ ਉਪਰਲੇ ਤਲ ਵਲ ਜਾਂਦਾ ਹੈ, ਸਰੀਰ ਤੋਂ ਮਨ ਵਲ, ਮਨ ਤੋਂ ਆਤਮਾ ਵਲ ਤੇ ਅਖੀਰ ਆਤਮਾ ਤੋਂ ਪਰਮਾਤਮਾ ਵਲ। ਮੈਂ ਦਸਿਆ ਸੀ ਕਿ ਪਉੜੀ ਦਾ ਦੂਸਰਾ ਅਰਥ ਹੈ ਠਹਿਰਾਓ, ਵਿਚਾਰ ਦਾ ਮੋੜ, ਇਕ ਨਵਾਂ ਪੈਰਾ। ਪਉੜੀ ਤੇ ਅਪੜ ਕੇ ਅਗਲੀ ਪਉੜੀ ਵਿਚ ਹੋਰ ਵਿਚਾਰ ਜਾਂ ਉਸੇ ਵਿਚਾਰ ਦਾ ਹੋਰ ਪਹਿਲੂ ਦਰਸਾਇਆ ਜਾਂਦਾ ਹੈ।

ਇਸ ਬਦਲਾਹਟ ਨੂੰ ਦੋ ਤਰੀਕਿਆਂ ਨਾਲ ਦੱਸਿਆ ਜਾ ਸਕਦਾ ਹੈ। ਪੁਰਾਣਾ ਤਰੀਕਾ ਹੈ ਕਿ **ਨਵੀਂ ਪਉੜੀ ਵਿਚ ਪਿਛਲੀ ਪਉੜੀ ਦਾ ਇਸ਼ਾਰਾ** ਦੇ ਕੇ



Digitized by Panjab Digital Library | www.panjabdigilib.org

ਅੱਗੇ ਲਿਖੀਏ। ਨਵਾਂ ਤਰੀਕਾ (ਜਿਹੜਾ ਅੱਜ-ਕਲ੍ਹ ਕਾਲਜਾਂ-ਸਕੂਲਾਂ ਵਿਚ ਸਿਖਾ-ਇਆ ਜਾਂਦਾ ਹੈ ਤੇ ਆਮ ਪ੍ਰਚਲਿਤ ਹੈ) ਹੈ **ਪਿਛਲੀ ਪਉੜੀ ਵਿਚ ਅਗਲੀ ਪਉੜੀ (ਪੈਰੇ) ਦਾ ਇਸ਼ਾਰਾ** ਦੇ ਕੇ ਅਗਾਂਹ ਲਿਖਣਾ। ਨਵੀਂ ਪੱਧਤੀ ਅਨੁਸਾਰ ੩੪ਵੀਂ ਪਉੜੀ ਵਿਚ ਲਿਖਿਆ ਜਾਏਗਾ "ਧਰਮ ਖੰਡ ਦਾ ਇਹੋ ਧਰਮ ਹੈ ਤੇ ਗਿਆਨ ਖੰਡ ਦਾ ਅੱਗੇ ਜ਼ਿਕਰ ਕਰਦੇ ਹਾਂ।" ਪੁਰਾਣੀ ਪੱਧਤੀ ਅਨੁਸਾਰ ੩੪ਵੀਂ ਪਉੜੀ ਵਿਚ ਕੁਝ ਵੀ ਨਹੀਂ ਲਿਖਿਆ ਜਾਏਗਾ ਤੇ ਅਗਲੀ ੩੫ਵੀਂ ਪਉੜੀ ਵਿਚ ਲਿਖਿਆ ਜਾਏਗਾ, "ਧਰਮ ਖੰਡ ਬਾਰੇ ਗਲ ਹੋ ਚੁੱਕੀ ਹੈ ਤੇ ਹੁਣ ਗਿਆਨ ਖੰਡ ਦੀ ਗੱਲ ਕਰਦੇ ਹਾਂ।" ਗੁਰੂ ਜੀ ਨੇ ਦੋਵੇਂ ਤਰੀਕੇ ਵਰਤੇ ਹਨ। ਪੁਰਾਣਾ ਤਰੀਕਾ ਵਰਤਦੇ ਹੋਏ ਲਿਖਦੇ ਹਨ—

— ਧਰਮ ਖੰਡ ਕਾ ਏਹੋ ਧਰਮੁ। ਗਿਆਨ ਖੰਡ ਕਾ ਆਖਹੁ ਕਰਮੁ॥

(੩੫ਵੀਂ ਪਉੜੀ)

— ਗਿਆਨ ਖੰਡ ਮਹਿ ਗਿਆਨੁ ਪਰਚੰਡੁ॥......
ਸਰਮ ਖੰਡ ਕੀ ਬਾਣੀ ਰੂਪੁ॥

(੩੬ਵੀਂ ਪਉੜੀ)

ਪੁਰਾਣੇ ਧਰਮ ਗ੍ਰੰਥ, ਸ਼ਾਸਤਰ, ਉਪਨਿਸ਼ਦ, ਆਦਿ ਪੁਰਾਣੀ ਪਧਤੀ ਅਨੁਸਾਰ ਲਿਖੇ ਗਏ ਹਨ। ਕਈ ਪੁਰਾਣੇ ਗ੍ਰੰਥਾਂ ਵਿਚ ਤਾਂ ਕਈ ਵਾਰੀ ਪਿਛਲੀ ਪਉੜੀ ਦਾ ਜ਼ਿਕਰ ਹੀ ਨਹੀਂ ਆਉਂਦਾ। ਸਿੱਧਾ ਸ਼ੁਰੂ ਕਰਦੇ ਹਨ, "ਹੁਣ ਅਸੀਂ ਭਗਤੀ ਦੀ ਗੱਲ ਕਰਦੇ ਹਾਂ।" "ਹੁਣ" ਸ਼ਬਦ ਦੀ ਵਰਤੋਂ ਤੋਂ ਲੱਗੇਗਾ ਕਿ ਪਹਿਲਾਂ ਕੁਝ ਲਿਖਿਆ ਜਾ ਚੁੱਕਾ ਹੈ। ਪਰ ਗ੍ਰੰਥ ਸ਼ੁਰੂ ਹੀ "ਹੁਣ" ਸ਼ਬਦ ਤੋਂ ਹੁੰਦਾ ਹੈ। ਜਦੋਂ ਤਕ ਲਿਖਣ ਦੀ ਇਸ ਪਧਤੀ ਦੀ ਸਮਝ ਨਹੀਂ ਸੀ ਉਦੋਂ ਸਮਝਿਆ ਜਾਂਦਾ ਸੀ ਕਿ ਸ਼ਾਇਦ ਗ੍ਰੰਥ ਦੇ ਪਹਿਲੇ ਕੁਝ ਪੰਨੇ/ਕੁਝ ਅਧਿਆਇ ਗੁੰਮ ਹਨ। ਪਰ ਗੁਮ ਕੁਝ ਵੀ ਨਹੀਂ ਸੀ ਹੋਇਆ। ਉਦੋਂ ਲਿਖਣ ਦਾ ਢੰਗ ਹੀ ਇਸ ਤਰ੍ਹਾਂ ਦਾ ਸੀ। ਸਮਝਿਆ ਜਾਂਦਾ ਸੀ ਕਿ ਸੁਣਨ/ਪੜ੍ਹਣ ਵਾਲੇ ਕਹੀ ਜਾਣ ਵਾਲੀ ਗੱਲ ਦੀ ਪਹਿਲਾਂ ਜਾਣਕਾਰੀ ਰੱਖਦੇ ਹਨ।

ਨਵਾਂ ਤਰੀਕਾ, ਯਾਨੀ ਅਗਲੀ ਪਉੜੀ ਦਾ ਇਸ਼ਾਰਾ ਪਿਛਲੀ ਪਉੜੀ ਵਿਚ



Digitized by Panjab Digital Library | www.panjabdigilib.org

ਕਰਨਾ, ਵਰਤਦੇ ਹੋਏ ਗੁਰੂ ਜੀ ਲਿਖਦੇ ਹਨ—

— ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥

(ਪਿਛਲੀ ਪਉੜੀ ਦਾ ਅੰਤ)

— ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥

(ਅਗਲੀ ਪਉੜੀ ਦਾ ਸ਼ੁਰੂ)

ਇਸ ਲਈ, ਪੁਰਾਣਾ ਤਰੀਕਾ ਵਰਤਦੇ ਹੋਏ, ਗੁਰੂ ਜੀ ੩੫ਵੀਂ ਪਉੜੀ ਵਿਚ 'ਧਰਮ ਖੰਡ' ਦਾ ਨਾਂ ਤਾਂ ਲੈਂਦੇ ਹਨ ਪਰ ਉਸ ਬਾਰੇ ਗੱਲ ਨਹੀਂ ਕਰਦੇ। ਉਹ ਗੱਲ ੩੪ਵੀਂ ਪਉੜੀ ਵਿਚ ਹੋ ਜਾਂਦੀ ਹੈ।

**ਗਿਆਨ ਖੰਡ ਕਾ ਆਖਹੁ ਕਰਮੁ ।**

"ਆਖਹੁ" ਦਾ ਅਰਥ ਹੈ "ਤੁਸੀਂ ਦੱਸੋ।" ਗੁਰੂ ਜੀ ਨੇ ਸ਼ਬਦ "ਆਖਉ" ਨਹੀਂ ਵਰਤਿਆ ਜਿਸ ਦੇ ਅਰਥ ਹਨ, "ਮੈਂ ਆਖਦਾ ਹਾਂ।" ਗੁਰੂ ਜੀ ਧਰਮ ਦੀ ਗੱਲ ਕਰਕੇ ਸੁਨਣ ਵਾਲਿਆਂ ਨੂੰ ਪੁੱਛਦੇ ਹਨ ਕਿ ਕੀ ਤੁਸੀਂ ਦੱਸ ਸਕਦੇ ਹੋ ਕਿ ਗਿਆਨ ਖੰਡ ਕੀ ਹੈ। ਜ਼ਾਹਰ ਹੈ ਕਿ ਸੁਨਣ ਵਾਲੇ ਨਹੀਂ ਦਸ ਸਕੇ ਜਾਂ ਠੀਕ ਨਹੀਂ ਦੱਸ ਸਕੇ। ਇਸ ਬਾਰੇ ਪਉੜੀ ਵਿਚ ਕੋਈ ਜ਼ਿਕਰ ਨਹੀਂ। ਪਰ ਗੁਰੂ ਜੀ ਆਪ ਅੱਗੇ ਗਿਆਨ ਖੰਡ ਦਾ ਜ਼ਿਕਰ ਸ਼ੁਰੂ ਕਰ ਦੇਂਦੇ ਹਨ।

ਗਿਆਨ ਕੀ ਹੈ ? ਗਿਆਨ ਉਹ ਚਾਨਣ ਹੈ, ਉਹ ਜਾਗਣ ਹੈ, ਉਹ ਪਹਿ-ਚਾਣ ਹੈ ਜਿਸ ਨਾਲ ਅਗਿਆਨ ਦਾ ਹਨੇਰਾ ਨਸ਼ਟ ਹੁੰਦਾ ਹੈ। ਸੁਖਮਨੀ ਸਾਹਿਬ ਦੀ ੨੩ਵੀਂ ਅਸਟਪਦੀ ਵਿਚ ਪੰਚਮ ਗੁਰੂ ਜੀ ਗਿਆਨ ਦੀ ਪ੍ਰਾਪਤੀ ਬਾਰੇ ਕਹਿੰਦੇ ਹਨ। ਇਸ ਅਸਟਪਦੀ ਦੇ ਸਲੋਕ ਵਿਚ ਗੁਰੂ ਜੀ ਕਹਿੰਦੇ ਹਨ—

— ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥

(ਪੰਨਾ ੨੯੩)


Digitized by Panjab Digital Library | www.panjabdigilib.org

ਗਿਆਨ ਅੰਜਨ (ਸੁਰਮਾ) ਹੈ ਜਿਸ ਦੀ ਵਰਤੋਂ ਨਾਲ ਅਗਿਆਨ ਦਾ ਨਾਸ ਹੁੰਦਾ ਹੈ ਤੇ ਮਨ ਵਿਚ ਪ੍ਰਕਾਸ਼ ਹੁੰਦਾ ਹੈ। ਪਰ ਅਗਿਆਨ ਕੀ ਹੈ ?

ਗਿਆਨ ਨੂੰ ਸਮਝਣ ਲਈ ਅਸੀਂ ਇਸ ਨੂੰ ਚਾਰ ਭਾਗਾਂ ਵਿਚ ਵੰਡ ਸਕਦੇ ਹਾਂ—(੧) ਅਗਿਆਨ (੨) ਸੰਸਾਰਕ ਗਿਆਨ (੩) ਆਤਮਿਕ ਗਿਆਨ (੪) ਪ੍ਰਮਾਤਮਕ ਗਿਆਨ। ਸਾਡੀ ਹੁਣ ਦੀ ਅਵਸਥਾ **ਪਹਿਲੀ ਅਗਿਆਨ ਦੀ ਅਵਸਥਾ** ਹੈ। ਅਸੀਂ ਹਨੇਰੇ ਵਿਚ ਹਾਂ। ਇਸ ਹਨੇਰੇ ਨੂੰ ਕਿਸ ਤਰ੍ਹਾਂ ਦੂਰ ਕਰੀਏ ? ਅਸੀਂ ਹਨੇਰੇ ਨਾਲ ਨਹੀਂ ਲੜ ਸਕਦੇ ਕਿਉਂਕਿ ਹਨੇਰੇ ਦਾ ਆਪਣਾ ਕੋਈ ਵਜੂਦ ਨਹੀਂ। ਹਨੇਰਾ ਅਸਲ ਵਿਚ ਚਾਨਣ ਦਾ ਨਾ ਹੋਣਾ ਹੈ। ਚਾਨਣ ਦਾ ਆਭਾਵ ਹੀ ਹਨੇਰਾ ਹੈ। ਇਸ ਲਈ ਅਸੀਂ ਹਨੇਰੇ ਨੂੰ ਮਾਰ-ਕੁਟ ਕੇ ਘਰੋਂ ਬਾਹਰ ਨਹੀਂ ਕੱਢ ਸਕਦੇ। ਜਿਵੇਂ ਅਸੀਂ ਹਵਾ ਨਾਲ ਲੜ ਕੇ ਇਸ ਨੂੰ ਘਰੋਂ ਨਹੀਂ ਕੱਢ ਸਕਦੇ, ਇਸ ਤਰ੍ਹਾਂ ਹੀ ਅਸੀਂ ਲੜ ਕੇ ਹਨੇਰੇ ਨੂੰ ਬਾਹਰ ਨਹੀਂ ਕੱਢ ਸਕਦੇ। ਇਸ ਨੂੰ ਬਾਹਰ ਕੱਢਣ ਦਾ ਇਕੋ ਇਕ ਤਰੀਕਾ ਹੈ ਤੇ ਉਹ ਹੈ ਪ੍ਰਕਾਸ਼ ਦਾ ਲਿਆਉਣਾ, ਚਾਨਣ ਕਰਨਾ ਕਿਉਂਕਿ ਹਨੇਰਾ ਚਾਨਣ ਦੀ ਅਣਹੋਂਦ ਹੈ। ਇਸ ਲਈ ਚਾਨਣ ਆਉਂਦਿਆਂ ਹੀ ਹਨੇਰਾ ਆਪੇ ਚਲਾ ਜਾਏਗਾ। ਇਸ ਨੂੰ ਵਿਦਾ ਕਰਨ ਲਈ ਹੋਰ ਕੁਝ ਕਰਨ ਦੀ ਲੋੜ ਨਹੀਂ। ਇਸ ਤਰ੍ਹਾਂ ਸਮਝੋ।

ਅਸੀਂ ਹਨੇਰੇ ਵਿਚ ਰੱਸੀ ਨੂੰ ਸੱਪ ਮੰਨੀ ਬੈਠੇ ਹਾਂ। ਹੁਣ ਇਹ ਸਮਝਾਉਣ ਦਾ ਕੋਈ ਤਰੀਕਾ ਨਹੀਂ ਕਿ ਦਿੱਸਦਾ ਸੱਪ ਅਸਲ ਵਿਚ ਰੱਸੀ ਹੈ। ਦਲੀਲ ਨਾਲ, ਤਰਕ ਨਾਲ, ਅਸੀਂ ਨਹੀਂ ਸਮਝਾ ਸਕਦੇ ਕਿ ਸੱਪ ਅਸਲ ਵਿਚ ਰੱਸੀ ਹੈ। ਇਸ ਨੂੰ ਸਮਝਾਉਣ ਦਾ ਇਕੋ ਇਕ ਤਰੀਕਾ ਹੈ ਕਿ ਲਾਇਟ ਜਲਾ ਦਿਉ, ਪ੍ਰਕਾਸ਼ ਕਰ ਦਿਉ। ਹੋਰ ਕੁਝ ਕਹਿਣ ਦੀ, ਕਰਨ ਦੀ ਲੋੜ ਨਹੀਂ। ਜੋ ਸੱਚ ਹੈ ਉਹ ਬਿਨਾਂ ਕਹੇ ਨਿੱਤਰ ਕੇ ਉਪਰ ਆ ਜਾਏਗਾ। ਸੱਪ ਆਪੇ ਹੀ ਰੱਸੀ ਦਿੱਸਣ ਲੱਗੇਗਾ। ਸੱਪ ਦਾ ਅਸਲੀ ਰੂਪ (ਰੱਸੀ) ਉਜਾਗਰ ਹੋ ਜਾਏਗਾ। ਹਨੇਰਾ ਕੱਟਿਆ ਜਾਏਗਾ ਤੇ ਸੱਚਾ ਗਿਆਨ ਮਿਲ ਜਾਏਗਾ। ਗੁਰਵਾਕ ਹੈ—

— ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨ ਦੀਪਾਇਓ ॥

(ਪੰਨਾ ੨੪੧)

— ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥

(ਪੰਨਾ ੭੮)



Digitized by Panjab Digital Library | www.panjabdigilib.org

ਇਹ ਅਗਿਆਨ ਨੇਤ੍ਰ-ਦੋਸ਼ (ਅੱਖਾਂ ਦੇ ਠੀਕ ਨਾ ਦੇਖ ਸਕਣ) ਕਰਕੇ ਹੈ। ਗਿਆਨ ਇੰਦਰੀਆਂ ਦੇ ਭਰਮ ਕਰਕੇ ਹੈ। ਪਰ ਅਗਿਆਨ ਗਿਆਨ ਇੰਦਰੀਆਂ ਦੇ ਸੌਂ ਜਾਣ ਨਾਲ ਵੀ ਹੋ ਜਾਂਦਾ ਹੈ। ਗਿਆਨ ਇੰਦਰੀ ਠੀਕ ਹੈ, ਦੋਸ਼-ਰਹਿਤ ਹੈ, ਪਰ ਸੁੱਤੀ ਹੋਈ ਹੈ।

ਤੁਸੀਂ ਨੀਂਦ ਵਿਚ ਡਰਾਵਣਾ ਸੁਪਨਾ ਦੇਖ ਰਹੇ ਹੋ। ਤੁਸੀਂ ਨੀਂਦ ਵਿਚ ਹੋ। ਤੁਹਾਡੀਆਂ ਗਿਆਨ ਇੰਦਰੀਆਂ ਸੁੱਤੀਆਂ ਪਈਆਂ ਹਨ। ਸਿਰਫ ਮਨ ਹੀ ਕੰਮ ਕਰ ਰਿਹਾ ਹੈ। ਤੁਹਾਡਾ ਮਨ ਭਿਆਨਕ ਸੁਪਨਾ ਦੇਖ ਰਿਹਾ ਹੈ। ਇਹ ਦੇਖਦਾ ਹੈ ਕਿ ਜਿਸ ਕਮਰੇ ਵਿਚ ਤੁਸੀਂ ਸੁੱਤੇ ਪਏ ਹੋ, ਉਸ ਨੂੰ ਅੱਗ ਲੱਗ ਗਈ ਹੈ (ਵਾਹਿਗੁਰੂ ਨਾ ਕਰੇ ਕਿਸੇ ਨਾਲ ਇਹ ਵਾਪਰੇ, ਪਰ ਮੈਂ ਸਿਰਫ ਸੁਪਨੇ ਦੀ ਘਟਨਾ ਦਾ ਜ਼ਿਕਰ ਕਰ ਰਿਹਾ ਹਾਂ।) ਤੁਸੀਂ ਅੱਗ ਦੀ ਲਪੇਟ ਵਿਚ ਆ ਗਏ ਲੱਗਦੇ ਹੋ, ਕਪੜਿਆਂ ਨੂੰ ਅੱਗ ਲੱਗ ਗਈ ਲੱਗਦੀ ਹੈ। ਕਮਰੇ ਦਾ ਦਰਵਾਜ਼ਾ ਬੰਦ ਹੈ ਤੇ ਤੁਹਾਡੇ ਕੋਲੋਂ ਖੁੱਲ ਨਹੀਂ ਰਿਹਾ। ਤੁਸੀਂ ਸਾਹੋ-ਸਾਹ ਹੋ ਰਹੇ ਹੋ। ਤੁਹਾਡਾ ਪਸੀਨਾ ਛੁੱਟ ਰਿਹਾ ਹੈ, ਨਬਜ਼ ਤੇਜ਼ ਹੋ ਗਈ ਹੈ, ਮੂੰਹ ਘਬਰਾਹਟ ਨਾਲ ਸੁਕ ਗਿਆ ਹੈ, ਮੂੰਹ ਤੇ ਮੌਤ ਦੀਆਂ ਭਿਆਨਕ ਪਰਛਾਈਆਂ ਦੌੜ ਰਹੀਆਂ ਹਨ। ਤੁਸੀਂ ਮੱਦਦ ਲਈ ਚੀਕਣਾ ਚਾਹੁੰਦੇ ਹੋ ਪਰ ਮੂੰਹੋਂ ਆਵਾਜ਼ ਨਹੀਂ ਨਿਕਲਦੀ। ਜੇ ਕੋਈ ਉਸ ਸਮੇਂ ਤੁਹਾਡੀ ਸਰੀਰਕ ਜਾਂਚ ਕਰੇ ਤਾਂ ਤੁਹਾਨੂੰ ਸੱਚੀ ਮੁੱਚੀਂ ਬੜੀ ਭਿਆਨਕ ਦਸ਼ਾ ਵਿਚ ਪਾਏਗਾ ਪਰ ਅਸਲ ਵਿਚ ਤਾਂ ਕੁਝ ਨਹੀਂ ਹੋ ਰਿਹਾ। ਤੁਸੀਂ ਵੀ ਸਹੀ ਸਲਾਮਤ ਹੋ ਤੇ ਤੁਹਾਡਾ ਮਕਾਨ ਵੀ। ਪਰ ਤੁਹਾਡਾ ਦੁੱਖ ਬਿਆਨ ਤੋਂ ਬਾਹਰ ਹੈ। ਇਹ ਦੁੱਖ ਅਗਿਆਨਤਾ ਕਰਕੇ ਹੈ। ਇਹ ਦੁੱਖ ਇਸੇ ਕਰਕੇ ਹੈ ਕਿ ਤੁਹਾਨੂੰ ਪਤਾ ਨਹੀਂ ਕਿ ਅਸਲ ਵਿਚ ਕੋਈ ਅੱਗ ਨਹੀਂ ਲੱਗੀ ਹੋਈ, ਇਹ ਸਿਰਫ ਸੁਪਨਾ ਹੈ। ਪਰ ਸੁਪਨਾ ਦੱਸਣ ਦਾ ਵਿਚਾਰ ਦੂਸਰੇ ਦਾ ਹੈ, ਉਸ ਦਾ ਹੈ ਜਿਹੜਾ ਜਾਗਿਆ ਹੋਇਆ ਹੈ, ਜਿਹੜਾ ਸੁਪਨੇ ਵਿਚ ਨਹੀਂ। ਤੁਸੀਂ ਦੁੱਖ ਵਿਚ ਹੋ ਕਿਉਂਕਿ ਤੁਸੀਂ ਅਗਿਆਨ ਵਿਚ ਹੋ। ਤੁਸੀਂ ਨਹੀਂ ਜਾਣਦੇ ਕਿ ਤੁਸੀਂ ਸੁਪਨੇ ਵਿਚ ਹੋ। ਤੁਹਾਡੇ ਲਈ ਸੁਪਨਾ ਹਕੀਕਤ ਹੈ। ਹੁਣ ਕੀ ਕਰੀਏ ?

ਦੁਖੀ ਅਗਿਆਨੀ ਨੂੰ ਨੀਂਦ ਤੋਂ ਜਗਾਓ। ਜਾਗਣ ਨਾਲ ਹੀ ਅਗਿਆਨ ਅੰਧੇਰਾ ਮਿਟ ਜਾਏਗਾ, ਤੇ ਦੁੱਖ ਦੂਰ ਹੋ ਜਾਏਗਾ। ਦੁੱਖ ਦੂਰ ਕਰਨ ਲਈ ਹੋਰ ਕੁਝ



Digitized by Panjab Digital Library | www.panjabdigilib.org

ਕਰਨ ਦੀ ਲੋੜ ਨਹੀਂ । ਗੁਰੂ ਜੀ ਕਹਿੰਦੇ ਹਨ—

— ਦੂਖੁ ਅੰਧੇਰਾ ਘਰ ਤੇ ਮਿਟਿਓ ॥
ਗੁਰ ਗਿਆਨੁ ਦ੍ਰਿੜਾਇਓ ਦੀਪ ਬਲਿਓ ॥

(ਪੰਨਾ ੨੪੧)

— ਅਗਿਆਨੁ ਭਰਮੁ ਦੁਖੁ ਕਟਿਆ ਗੁਰ ਭਏ ਬਸੀਠਾ ॥

(ਪੰਨਾ ੭੦੮)

ਅਸੀਂ ਸੁੱਤੇ ਹੋਏ ਹਾਂ ਤੇ ਇਸੀ ਕਾਰਣ ਅਸੀਂ ਆਪਣੀ ਅਪਾਰ ਸ਼ਕਤੀ ਦੀ ਵਰਤੋਂ ਨਹੀਂ ਕਰ ਸਕਦੇ । ਅਗਿਆਨਤਾ ਕਰਕੇ ਹੀ ਤਾਂ ਅਸੀਂ ਦੀਨ ਹਾਂ ਵਰਨਾ ਸਾਡੇ ਦੀਨ ਹੋਣ ਦਾ ਕੋਈ ਕਾਰਣ ਨਹੀਂ । ਜਿਸ ਦੇ ਅੰਦਰ ਰਾਮ ਨਿਵਾਸ ਕਰਦਾ ਹੋਏ ਉਸ ਦੇ ਦੁਰਬਲ ਹੋਣ ਦਾ ਮਵਾਲ ਹੀ ਨਹੀਂ ਹੈ । ਸਾਡੇ ਅੰਦਰ ਆਤਮਾ ਤੇ ਪਰਮਾਤਮਾ ਦੋਹਾਂ ਦਾ ਬਲ ਹੈ । ਪਰ ਅਸੀਂ ਇਸ ਤਰ੍ਹਾਂ ਸੁੱਤੇ ਪਏ ਹਾਂ ਜਿਸ ਤਰ੍ਹਾਂ ਰਾਵਣ ਦਾ ਭਰਾ ਕੁੰਭਕਰਣ ਸੁੱਤਾ ਪਿਆ ਹੋਵੇ । ਕੁੰਭਕਰਣ ਵਿਚ ਅਪਾਰ ਸ਼ਕਤੀ ਸੀ । ਹਜ਼ਾਰਾਂ ਆਦਮੀਆਂ ਤੇ ਉਹ ਕੱਲਾ ਹੀ ਭਾਰੀ ਸੀ । ਉਸ ਜਿੰਨੀ ਸ਼ਕਤੀ ਕਿਸੇ ਹੋਰ ਵਿਚ ਨਹੀਂ ਸੀ । ਪਰ ਉਹ ਬਹੁਤਾ ਕਰਕੇ ਸੁੱਤਾ ਹੀ ਰਹਿੰਦਾ ਸੀ । ਇਸ ਕਾਰਣ ਨਿੱਕੇ-ਨਿੱਕੇ ਚੂਹੇ ਉਸ ਦੇ ਪਿੰਡੇ ਨੂੰ ਤਰੁੰਡ-ਤਰੁੰਡ ਕੇ ਖਾ ਜਾਂਦੇ ਸਨ, ਨਿੱਕੀਆਂ-ਨਿੱਕੀਆਂ ਕੀੜੀਆਂ ਉਸ ਦੇ ਸਰੀਰ ਵਿਚ ਆਪਣਾ ਘਰ ਬਣਾ ਲੈਂਦੀਆਂ ਸਨ, ਆਦਿ । ਕੀ ਮਹਾਂ ਸ਼ਕਤੀਸ਼ਾਲੀ ਕੁੰਭਕਰਣ ਤੇ ਕੀ ਨਾ-ਕਝ ਜਿਹੀ ਕੀੜੀ !! ਪਰ ਨੀਂਦ ਦੀ ਅਵਸਥਾ ਵਿਚ ਉਹ ਆਪ ਨਾ-ਕੁਝ ਸੀ ਤਾਂ ਨਾ-ਕੁਝ (ਕੀੜੀ) ਕੁਝ ਹੋ ਗਈ ਸੀ । ਪਰਮ ਸ਼ਕਤੀਸ਼ਾਲੀ ਨੂੰ ਥਲੇ ਪਾਇਆ ਹੋਇਆ ਸੀ ਕਿਉਂਕਿ ਉਹ ਸੁੱਤਾ ਸੀ ਤੇ ਇਸ ਲਈ ਅਗਿਆਨੀ ਸੀ । ਉਸ ਨੂੰ ਜਗਾਓ ਤੇ ਫਿਰ ਦੇਖੋ ਕਿਸ ਤਰ੍ਹਾਂ ਉਸ ਅੰਦਰ ਪ੍ਰਬਲ ਸ਼ਕਤੀ ਜਾਗ ਪੈਂਦੀ ਹੈ । ਇਸੇ ਲਈ ਸਾਰੇ ਧਰਮ ਮਨੁੱਖ ਨੂੰ ਜਾਗਣ ਲਈ ਕਹਿੰਦੇ ਹਨ । ਮਹਾਤਮਾ ਬੁੱਧ ਦਾ ਅਸਲੀ ਨਾਂ ਸਿਧਾਰਥ ਗੌਤਮ ਸੀ । ਉਸ ਨੂੰ ਬੁੱਧ ਕਹਿਣ ਲੱਗੇ ਜਦੋਂ ਉਹ ਅਗਿਆਨਤਾ ਦੀ ਨੀਂਦ ਤੋਂ ਜਾਗ ਗਿਆ ਕਿਉਂਕਿ 'ਬੁੱਧ' ਦਾ ਅਰਥ ਹੈ "ਜਾਗਿਆ ਹੋਇਆ ਮਨੁੱਖ ।" ਜੈਨੀਆਂ ਦੇ ਅਖੀਰਲੇ ਗੁਰੂ ਮਹਾਬਲੀ ਨੂੰ "ਜਿਨ" ਕਹਿੰਦੇ ਹਨ । 'ਜਿਨ' ਸ਼ਬਦ ਦਾ ਅਰਥ ਹੈ, "ਜਿਸ ਨੇ



Digitized by Panjab Digital Library | www.panjabdigilib.org

ਆਪਣੇ ਨੂੰ ਜਗਾ ਲਿਆ।'' ਇਸ ਜਿਨ ਨੂੰ ਗੁਰੂ ਮੰਨਣ ਵਾਲਿਆਂ ਨੂੰ ਇਸੇ ਕਰਕੇ "ਜੈਨੀ" ਕਹਿੰਦੇ ਹਨ। ਸਾਡੇ ਪਹਿਲੇ ਗੁਰੂ ਜੀ ਦਾ ਨਾਂ ਨਾਨਕ ਹੈ ਪਰ ਬਾਅਦ ਵਿਚ "ਗੁਰੂ ਨਾਨਕ" ਕਰਕੇ ਪ੍ਰਸਿੱਧ ਹੋਇਆ ਕਿਉਂਕਿ "ਗੁਰੂ" ਦਾ ਅਰਥ ਹੈ, ਜਿਹੜਾ ਹਨੇਰੇ ਤੋਂ ਚਾਨਣ ਵਲ ਚਲਾ ਗਿਆ ਅਤੇ ਜਿਹੜਾ ਦੂਸਰਿਆਂ ਨੂੰ ਵੀ ਅਗਿਆਨਤਾ ਦੇ ਹਨੇਰੇ ਵਿਚੋਂ ਕੱਢ ਕੇ ਗਿਆਨ ਦੇ ਪ੍ਰਕਾਸ਼ ਵਿਚ ਲੈ ਆਇਆ। ਗੁਰਵਾਕ ਹੈ—

— ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥

(ਪੰਨਾ ੪੫੦)

— ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥

(ਪੰਨਾ ੨੯੩)

— ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ,
ਘਰਿ ਵਸਤੁ ਲਹੀ ਮਨ ਜਾਗੇ ॥

(ਪੰਨਾ ੧੭੨)

ਜਾਗਣ ਨਾਲ ਹੀ ਅਸਲੀ ਗਿਆਨ (ਵਸਤ) ਪ੍ਰਾਪਤ ਹੁੰਦਾ ਹੈ।

**ਦੂਸਰਾ ਹੈ ਸਮਾਜਕ ਗਿਆਨ।** ਇਹ ਹੈ ਅਗਿਆਨ ਤੋਂ ਗਿਆਨ ਵਲ ਜਾਣਾ। ਧਰਮ ਦੇ ਖੇਤਰ ਵਿਚ ਇਸ ਸੰਸਾਰਕ ਗਿਆਨ ਦੀ ਕੋਈ ਬਹੁਤੀ ਕੀਮਤ ਨਹੀਂ। ਥੋੜ੍ਹਾ ਪੜ੍ਹ ਕੇ, ਥੋੜ੍ਹਾ ਗੁੜ੍ਹ ਕੇ, ਥੋੜ੍ਹਾ ਵਿਚਾਰ ਕੇ, ਅਸੀਂ ਕੁਝ ਗਿਆਨ ਹਾਸਲ ਕਰ ਸਕਦੇ ਹਾਂ, ਪਰ ਨਾ ਇਹ ਗਹਿਰਾ ਹੁੰਦਾ ਹੈ ਤੇ ਨਾ ਸਥਾਈ! ਇਹ ਅੰਨ੍ਹੇ ਦਾ ਟਟੋਲ ਟਟੋਲ ਕੇ ਗਿਆਨ ਹਾਸਲ ਕਰਨਾ ਹੈ। ਟੋਹਣ ਨਾਲ ਵੀ ਗਿਆਨ ਮਿਲ ਜਾਂਦਾ ਹੈ ਪਰ ਇਹ ਪੁਰਾਣਕ ਕਹਾਣੀ ਦੇ ਅੰਨ੍ਹੇ ਨੂੰ ਖੀਰ ਬਾਬਤ ਸਮਝਾਉਣ ਵਾਲੀ ਗੱਲ ਹੈ। ਇਸ ਤਰ੍ਹਾਂ ਜੋ ਗਿਆਨ ਮਿਲਦਾ ਹੈ ਉਸ ਦਾ ਪੱਕਾ ਨਹੀਂ ਹੁੰਦਾ। ਅੱਜ ਦਾ ਗਿਆਨ ਕੁਝ ਹੋਰ ਹੋਏਗਾ ਕਲ੍ਹ ਦਾ ਕੁਝ ਹੋਰ। ਪਹਿਲਾਂ ਕਹਿੰਦੇ ਸਨ ਧਰਤੀ ਚਪਟੀ ਹੈ, ਹੁਣ ਕਹਿੰਦੇ ਹਨ ਧਰਤੀ ਗੋਲ ਹੈ ਸੰਗਤਰੇ ਵਾਂਗ। ਪਹਿਲਾਂ ਕਹਿੰਦੇ ਸਨ ਸੂਰਜ ਧਰਤੀ ਦੇ ਗਿਰਦ ਘੁੰਮਦਾ ਹੈ, ਹੁਣ ਕਹਿੰਦੇ ਹਨ ਧਰਤੀ ਸੂਰਜ ਦੇ ਗਿਰਦ ਘੁੰਮਦੀ ਹੈ। ਜਦੋਂ ਇਕ ਵਿਗਿਆਨਕ ਨੇ ਐਲਾਨ ਕੀਤਾ ਕਿ ਸੂਰਜ ਧਰਤੀ ਦੇ ਗਿਰਦ ਨਹੀਂ ਬਲਕਿ ਧਰਤੀ ਸੂਰਜ ਦੇ ਗਿਰਦ ਘੁੰਮਦੀ ਹੈ, ਤਾਂ ਉਸ ਦੀ



Digitized by Panjab Digital Library | www.panjabdigilib.org

ਗੱਲ ਨੂੰ ਅਗਿਆਨ ਦੀ ਗੱਲ ਕਿਹਾ ਗਿਆ, ਉਸ ਨੂੰ ਅਧਰਮੀ ਕਿਹਾ ਗਿਆ। ਉਸ ਨੂੰ ਫਾਂਸੀ ਲਾ ਦਿੱਤੀ ਗਈ। ਪਰ ਇਸ ਸੰਸਾਰਕ ਗਿਆਨ ਦਾ ਧਾਰਮਕ ਗਿਆਨ ਨਾਲ ਸਿੱਧਾ ਕੋਈ ਸੰਬੰਧ ਨਹੀਂ। ਸੰਸਾਰਕ ਗਿਆਨ ਪੜ੍ਹਨ ਰਾਹੀਂ ਪੈਸਾ ਆਉਂਦਾ ਹੈ ਪਰ ਧਾਰਮਕ ਗਿਆਨ ਪੜ੍ਹਣ ਰਾਹੀਂ ਧਰਮ ਨਹੀਂ ਆਉਂਦਾ। ਕਿੰਨੀਆਂ ਵੀ ਧਰਮ ਪੁਸਤਕਾਂ ਪੜ੍ਹ ਲਉ, ਇਸ ਰਾਹੀਂ ਅਸੀਂ ਸਿਰਫ ਜਾਣਕਾਰੀ ਹੀ ਹਾਸਲ ਕਰ ਸਕਦੇ ਹਾਂ। ਪੜ੍ਹਣ ਨਾਲ ਕੋਈ ਉੱਚਾ ਤੇ ਸੁੱਚਾ ਅਨੁਭਵ ਨਹੀਂ ਮਿਲਦਾ, ਕੋਈ ਅਨੰਦ ਦਾ ਹੁਲਾਰਾ ਨਹੀਂ ਆਉਂਦਾ, ਕੋਈ ਗੀਤ ਨਹੀਂ ਉਪਜਦਾ। ਇਸੇ ਲਈ ਸਾਨੂੰ ਆਸਾ ਦੀ ਵਾਰ ਵਿਚ ਰੋਜ਼ ਕੀਰਤਨ ਰਾਹੀਂ ਦੱਸਿਆ ਜਾਂਦਾ ਹੈ ਕਿ ਪੜ੍ਹਣ ਨਾਲ ਕੁਝ ਹਾਸਲ ਨਹੀਂ ਹੁੰਦਾ ਕਿਉਂਕਿ ਲੇਖੇ ਇਕੋ ਗੱਲ ਪੈਂਦੀ ਹੈ ਤੇ ਉਹ ਹੈ ਪੜ੍ਹੇ ਗੁਣਾਂ ਦਾ ਧਾਰਣੀ ਹੋਣਾ। ਗੁਰਵਾਕ ਹੈ—

— ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥......
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥

(ਪੰਨਾ ੪੬੭)

**ਤੀਸਰਾ ਹੈ ਆਤਮਕ ਗਿਆਨ।** ਆਪਣੇ ਅੰਦਰ ਦੇ ਗਿਆਨ ਦੇ ਭੰਡਾਰ ਨੂੰ ਪਛਾਨਣਾ। ਅਸੀਂ ਗਿਆਨ ਲੈ ਕੇ ਹੀ ਜਨਮੇ ਹਾਂ। ਕੁਝ ਕਾਰਣਾਂ ਕਰਕੇ ਸਾਡੇ ਉਪਰ ਅਗਿਆਨਤਾ ਦੀ ਧੂੜ ਜੰਮ ਗਈ ਹੈ। ਇਸ ਧੂੜ ਨੇ ਸਾਡੇ ਗਿਆਨ ਦਾ ਦੀਵਾ ਬੁਝਾ ਦਿੱਤਾ ਹੈ ਜਾਂ ਢੱਕ ਲਿਆ ਹੈ। ਪਰ ਸਾਡੇ ਕੋਲ ਦੀਵਾ ਹੈ, ਤੇਲ ਹੈ, ਬਾਤੀ ਹੈ, ਸਿਰਫ ਦੀਆ-ਸਲਾਈ ਦੀ ਲੋੜ ਹੈ। ਸਾਡੀਆਂ ਅੱਖਾਂ ਅੱਗੇ ਜਾਲਾ ਆ ਗਿਆ ਹੈ। ਗੁਰੂ ਕੋਲੋਂ ਸੁਰਮਾ (ਅੰਜਨ) ਲੈ ਕੇ ਅੱਖ ਵਿਚ ਪਾਉਣ ਦੀ ਦੇਰ ਹੈ, ਆਪੇ ਹੀ ਪ੍ਰਕਾਸ਼ ਹੋ ਜਾਏਗਾ।

ਇਸੇ ਲਈ ਗੁਰਬਾਣੀ ਕਹਿੰਦੀ ਹੈ—

— ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥

(ਪੰਨਾ ੬੧੦)



Digitized by Panjab Digital Library | www.panjabdigilib.org

ਪਰ ਇਹ ਗਿਆਨ ਅੰਜਨ ਕਿਸ ਤਰ੍ਹਾਂ ਮਿਲੇ ਤਾਂ ਕਿ ਸਾਰੇ ਪਾਸੇ ਪ੍ਰਕਾਸ਼ ਹੋ ਜਾਏ ਤੇ ਸਾਨੂੰ ਆਪਣੀ ਆਤਮਾ ਦੀ ਝਲਕ ਮਿਲੇ ? ਇਸ ਤਰ੍ਹਾਂ ਸਮਝੋ । ਲੋਕੀਂ ਹੇਮਕੁੰਟ ਦੀ ਯਾਤਰਾ ਕਰਦੇ ਹਨ । ਜਦੋਂ ਰਿਸ਼ੀਕੇਸ਼ ਤੋਂ ਪਹਾੜੀ ਰਸਤਾ ਸ਼ੁਰੂ ਹੁੰਦਾ ਹੈ ਤਾਂ ਸਾਡੇ ਕਾਰੋਬਾਰੀ ਵਿਚਾਰ, ਸਾਡੀਆਂ ਲੱਖਾਂ-ਕਰੋੜਾਂ ਦੀਆਂ ਸਕੀਮਾਂ, ਸਾਡੇ ਕੰਮ-ਧੰਦੇ ਦੀ ਉਲਝਣ ਪਿੱਛੇ ਰਹਿੰਦੀ ਜਾਂਦੀ ਹੈ । ਜਿਉਂ-ਜਿਉਂ ਬੱਸ ਚੜ੍ਹਾਈ ਚੜ੍ਹਦੀ ਜਾਂਦੀ ਹੈ ਸਾਡਾ ਸੰਸਾਰ ਪਿੱਛੇ ਰਹਿੰਦਾ ਜਾਂਦਾ ਹੈ । ਪ੍ਰਕ੍ਰਿਤੀ ਦਾ ਰੂਪ ਉਜਾਗਰ ਹੁੰਦਾ ਜਾਂਦਾ ਹੈ । ਉੱਚੇ ਪਹਾੜ, ਲੰਬੇ ਦਰੱਖਤ, ਸੀਤਲ ਹਵਾ, ਨੱਚਦੀ ਨਦੀ, ਸਵੱਛ ਵਾਤਾਵਰਨ—ਇਹ ਸਭ ਸਾਡੇ ਮਨ ਨੂੰ ਖਿੱਚਣ ਲੱਗਦੇ ਹਨ । ਅਸੀਂ ਗੋਬਿੰਦ ਘਾਟ ਪਹੁੰਚ ਜਾਂਦੇ ਹਾਂ । ਸਾਡਾ ਮਨ ਪ੍ਰਭੂ ਦੀ ਵਿਸ਼ਾਲ ਸੁੰਦਰਤਾ ਨਾਲ ਭਰਦਾ ਜਾਂਦਾ ਹੈ । ਸਮਾਜਿਕ ਖਿੱਚ ਪਿੱਛੇ ਰਹਿ ਜਾਂਦੀ ਹੈ । ਫਿਰ ਇਥੋਂ ਪੈਦਲ ਯਾਤਰਾ ਸ਼ੁਰੂ ਹੁੰਦੀ ਹੈ । ਗੋਬਿੰਦ ਧਾਮ ਪਹੁੰਚਦਿਆਂ-ਪਹੁੰਚਦਿਆਂ ਸਰੀਰ ਥੱਕ ਕੇ ਟੁੱਟਣ ਲੱਗਦਾ ਹੈ । ਗੋਬਿੰਦ ਧਾਮ ਤੋਂ ਹੇਮ-ਕੁੰਟ ਦੀ ਚੜ੍ਹਾਈ ਬਹੁਤ ਕਠਿਨ ਹੈ । ਸਾਡੇ ਸੰਗੀ-ਸਾਥੀ ਅੱਗੜ-ਪਿੱਛੜ ਹੋ ਜਾਂਦੇ ਹਨ । ਵਹੁਟੀ-ਬੱਚੇ ਆਪਣੀ ਸ਼ਕਤੀ ਅਨੁਸਾਰ ਕੋਈ ਅੱਗੇ ਵਧ ਜਾਂਦਾ ਹੈ ਕੋਈ ਪਿੱਛੇ ਰਹਿ ਜਾਂਦਾ ਹੈ । ਤੁਸੀਂ ਇਕੱਲੇ ਰਹਿ ਜਾਂਦੇ ਹੋ ਤੇ ਆਪਣਾ ਸਰੀਰ ਘਸੀਟਦੇ ਹੋ । ਲੱਗਦਾ ਹੈ ਕਿ ਸਰੀਰ ਸਾਥ ਛੱਡ ਦੇਵੇਗਾ । ਮਨ ਵੀ ਸਾਥ ਛੱਡਦਾ ਲੱਗਦਾ ਹੈ । ਕਾਮ, ਕਰੋਧ, ਲੋਭ, ਮੋਹ, ਅਹੰਕਾਰ ਦੇ ਵਿਚਾਰ ਆਉਣੇ ਬੰਦ ਹੋ ਜਾਂਦੇ ਹਨ ਕਿਉਂਕਿ ਇਨ੍ਹਾਂ ਵਿਚਾਰਾਂ ਨੂੰ ਚਲਾਈ ਰੱਖਣ ਲਈ ਸਰੀਰਕ ਤੇ ਮਾਨਸਿਕ ਸ਼ਕਤੀ ਬਚਦੀ ਨਹੀਂ । ਬਰਫ਼, ਠੰਢ, ਤੇਜ਼ ਹਵਾ ਸਾਨੂੰ ਸਾਰੇ ਪਾਸਿਉਂ ਘੇਰ ਲੈਂਦੇ ਹਨ । ਸਾਡੀ ਸਾਰੀ ਸ਼ਕਤੀ ਕਠਨ ਚੜ੍ਹਾਈ ਚੜ੍ਹਣ ਵਿਚ ਖਰਚ ਹੋ ਜਾਂਦੀ ਹੈ ਤੇ ਬਾਕੀ ਦੀ ਬਚੀ-ਖੁਚੀ ਸ਼ਕਤੀ ਆਪਣੇ ਸਰੀਰ ਦੀ ਗਰਮੀ ਬਣਾਈ ਰੱਖਣ ਵਿਚ ਲੱਗ ਜਾਂਦੀ ਹੈ । ਸ਼ਕਤੀ ਬਚਦੀ ਹੀ ਨਹੀਂ ਕਿ ਕਿਸੇ ਵਿਕਾਰ ਦੀ ਖ਼ੁਰਾਕ ਬਣ ਸਕੇ । ਸ਼ਕਤੀ ਦੀ ਅਣਹੋਂਦ ਕਰਕੇ ਮਨ ਵਿਚ ਵਿਕਾਰ ਨਹੀਂ ਉੱਠਦੇ । ਮਨ ਨਿਰਮਲ ਹੋ ਜਾਂਦਾ ਹੈ । ਇਕ ਪਾਸੇ ਅਸੀਂ ਹਾਂ ਬਿਲਕੁਲ ਇਕੱਲੇ—ਸਮਾਜ ਦੀਆਂ ਚਿੰਤਾਵਾਂ ਪਿੱਛੇ ਰਹਿ ਗਈਆਂ, ਬੱਚੇ-ਵਹੁਟੀ ਅੱਗੜ-ਪਿੱਛੜ ਹੋ ਗਏ, ਸਰੀਰ ਦੀ ਸ਼ਕਤੀ ਕਰੀਬ-ਕਰੀਬ ਨਾ-ਹੋਣ ਜਿੰਨੀ ਰਹਿ ਗਈ, ਮਨ ਦੇ ਵਿਕਾਰ ਸਾਥ ਛੱਡ ਗਏ । ਸਰੀਰ ਤੇ ਮਨ ਦੋਵੇਂ ਟੁੱਟ ਗਏ । ਤੁਸੀਂ ਬਿਲਕੁੱਲ ਇਕੱਲੇ ਤੇ ਅਸਹਾਇ ਹੋ ਗਏ । ਇਸ ਸਰੀਰਕ ਤੇ



Digitized by Panjab Digital Library | www.panjabdigilib.org

ਮਾਨਸਿਕ ਦਸ਼ਾ ਨੂੰ ਗੁਰੂ ਜੀ ਕਹਿਦੇ ਹਨ, "ਅਬ ਮੈਂ ਚਲੀ ਠਾਕਰ ਪੈ ਹਾਰ ।"[੭] ਇਕ ਪਾਸੇ ਸਾਡੀ ਇਹ ਨਿਰਬਲ ਦਸ਼ਾ ਹੈ ਤੇ ਦੂਸਰੇ ਪਾਸੇ ਹੈ ਪ੍ਰਭੂ ਦਾ ਫੈਲਿਆ ਹੱਥ ਸਾਨੂੰ ਗਲਵਕੜੀ ਪਾਣ ਲਈ। ਉੱਚੇ ਪਹਾੜ ਤੇ ਉਨ੍ਹਾਂ ਦੀਆਂ ਚੋਟੀਆਂ ਮਾਨੋ ਵਾਹਿਗੁਰੂ ਅੱਗੇ ਹੱਥ ਜੋੜੀ ਅਰਦਾਸ ਦੀ ਮੁਦਰਾ ਵਿਚ ਖੜੋਤੇ ਹੋਣ। ਖੁਲ੍ਹਾ ਨੀਲਾ ਆਕਾਸ਼ ਸਾਡੇ ਮਨ ਨੂੰ ਆਪਣੇ ਵੱਲ ਖਿੱਚਦਾ ਹੈ। ਮੀਲਾਂ ਤੱਕ ਬਰਫ ਦੀ ਚਿੱਟੀ-ਦੁੱਧ ਚਾਦਰ ਸਾਡੇ ਮਨ ਤੇ ਮੋਹਕ ਅਸਰ ਪਾਉਂਦੀ ਹੈ। ਅਸੀਂ ਇਸ ਵਿਸ਼ਾਲ ਸੁੰਦਰਤਾ ਰਾਹੀਂ ਮਨਮੋਹੇ (Hypnotised) ਜਾਂਦੇ ਹਾਂ। ਉਪਰ ਸੀਤਲ ਬਰਫੀਲੇ ਹੇਮਕੁੰਟ ਵਿਚ ਡੁਬਕੀ ਲਾਇਆਂ ਲੱਗਦਾ ਹੈ ਕਿ ਪਤਾ ਨਹੀਂ ਅਗਲਾ ਸਾਹ ਆਏਗਾ ਕਿ ਨਹੀਂ। ਸ਼ਾਇਦ ਬਾਹਰ ਦਾ ਸਾਹ ਬਾਹਰ ਰਹਿ ਜਾਏਗਾ ਤੇ ਅੰਦਰ ਦਾ ਅੰਦਰ। ਜਦੋਂ ਅਸੀਂ ਇਕੱਲੇ ਤੇ ਅਸਹਾਏ ਹੋ ਕੇ ਪ੍ਰਭੂ ਦੇ ਦੁਆਰ ਤੇ ਮੱਥਾ ਟੇਕਦੇ ਹਾਂ ਤਾਂ ਉਸ ਦਾ ਪਿਆਰ ਸਾਨੂੰ ਆਪਣੇ ਵੱਲ ਖਿੱਚਦਾ ਹੈ। ਉਹੀ ਘੜੀ ਹੈ ਜਾਗਣ ਦੀ, ਉਹੀ ਘੜੀ ਹੈ ਉਸ ਪ੍ਰਕਾਸ਼ ਦੇ ਆਉਣ ਦੀ ਤੇ ਸਾਨੂੰ ਸਾਡੀ ਆਤਮਾ ਦੇ ਦਰਸ਼ਨ ਕਰਾਉਣ ਦੀ। ਪਰ ੯੯% ਲੋਕੀਂ ਇਹ ਅਮੋਲ ਘੜੀ ਗੁਆ ਦੇਂਦੇ ਹਨ। ਕਿਸੇ ਕਾਰਣ ਸਾਡਾ ਧਿਆਨ ਸਰੀਰਕ ਦੁੱਖ, ਮਾਨਸਿਕ ਦੁੱਖ, ਪਿੱਛੇ ਰਹਿ ਗਏ ਕਾਰੋਬਾਰ, ਘਰ-ਗ੍ਰਿਹਸਤੀ ਵੱਲ ਚਲਾ ਜਾਂਦਾ ਹੈ ਤੇ ਜੀਵਨ ਦੀ ਬਹੁਕੀਮਤੀ ਭੇਂਟ ਚੂਕ ਜਾਂਦੀ ਹੈ। ਜਿਸ ਦੀ ਝਲਕ ਮਿਲ ਸਕਦੀ ਸੀ ਉਹ ਨਹੀਂ ਮਿਲਦੀ, ਆਤਮਾ ਦਾ ਸਾਹਮਣਾ ਹੋਣੋਂ ਰਹਿ ਜਾਂਦਾ ਹੈ। ਅਸੀਂ ਹੇਮ ਕੁੰਟ ਸਾਹਿਬ ਦੀ ਯਾਤਰਾ ਕਰਕੇ ਮੁੜ ਆਉਂਦੇ ਹਾਂ ਪਰ ਜੋ ਬੇਸ਼ ਕੀਮਤੀ ਹੀਰਾ ਹੱਥ ਲੱਗ ਸਕਦਾ ਸੀ ਉਹ ਨਹੀਂ ਲਿਆਂਦੇ। ਅਸੀਂ ਸਿਰਫ ਸੀਸ਼ੀ ਵਿਚ ਜਲ ਲੈ ਆਉਂਦੇ ਹਾਂ ਤੇ ਵਰ੍ਹਦੇ ਅੰਮ੍ਰਿਤ ਤੋਂ ਵਾਂਝੇ ਰਹਿ ਜਾਂਦੇ ਹਾਂ। ਸਾਨੂੰ ਆਤਮ ਗਿਆਨ ਮਿਲ ਸਕਦਾ ਸੀ, ਪਰ ਨਹੀਂ ਮਿਲਿਆ। ਇਸ ਤਰ੍ਹਾਂ ਦੇ ਕਈ ਅਵਸਰ ਜੀਵਨ ਵਿਚ ਆਉਂਦੇ ਰਹਿੰਦੇ ਹਨ ਪਰ ਸਾਡੀ ਨੀਂਦ ਕਰਕੇ ਹਥੋਂ ਜਾਂਦੇ ਰਹਿੰਦੇ ਹਨ। ਜਦੋਂ ਅਸੀਂ ਇਕੱਲੇ ਮਹਿਸੂਸ ਕਰਦੇ ਹਾਂ, ਅਸਹਾਏ ਲੱਗਦੇ ਹਾਂ, ਬਿਲਕੁਲ ਕਮਜ਼ੋਰ ਪੈ ਜਾਂਦੇ ਹਾਂ, ਤੇ ਇਸ ਮਨੋਦਸ਼ਾ ਵਿਚ ਪ੍ਰਭੂ ਦੇ ਦੁਆਰ ਤੇ ਦਸਤਕ ਦੇਂਦੇ ਹਾਂ, ਤਾਂ ਸਾਨੂੰ ਉਸ ਦੀ ਝਲਕ ਪੈਂਦੀ ਹੈ। ਇਹੀ ਹੈ ਆਤਮਿਕ ਗਿਆਨ।

**ਚੌਥਾ ਹੈ ਪ੍ਰਮਾਤਮਿਕ ਗਿਆਨ।** ਆਤਮ ਗਿਆਨ ਮਿਲ ਗਿਆ, ਝਲਕ



Digitized by Panjab Digital Library | www.panjabdigilib.org

ਮਿਲ ਗਈ, ਪਰ ਗੁੰਮ ਹੋ ਗਈ। ਬਿਜਲੀ ਚਮਕੀ ਤੇ ਓਝਲ ਹੋ ਗਈ। ਪ੍ਰਮਾਤਮਕ ਗਿਆਨ ਹੈ ਇਸ ਝਲਕ ਦਾ ਸਾਡੇ ਮਨ ਅੰਦਰ ਸਥਾਈ ਵਸ ਜਾਣਾ। ਝਲਕ ਦਾ ਆਉਣਾ ਪਰ ਪਰਤ ਕੇ ਨਾ ਜਾਣਾ। ਸਾਡਾ ਆਪਣੇ ਵਾਹਿਗੁਰੂ ਨਾਲ ਪੱਕੀ ਪਛਾਣ ਕਰ ਲੈਣ ਦਾ ਨਾਂ ਹੈ, "ਪ੍ਰਮਾਤਮਕ ਗਿਆਨ"। ਆਤਮ ਗਿਆਨ ਰਾਹੀਂ ਕੁਝ ਹਿੱਸਾ ਜਾਨਣ ਹੁੰਦਾ ਹੈ ਪਰ ਪ੍ਰਮਾਤਮਕ ਗਿਆਨ ਨਾਲ ਪੂਰਨ ਗਿਆਨ ਹੋ ਜਾਂਦਾ ਹੈ, "ਗਿਆਨਿ ਰਤਨਿ ਘਟਿ ਚਾਨਣੁ ਹੋਆ ਨਾਨਕ ਨਾਮ ਪਿਆਰੋ"। ਤੀਸਰੀ ਅੱਖ ਖੁੱਲ੍ਹ ਜਾਂਦੀ ਹੈ, ਸਾਰੇ ਭਵਨਾਂ ਦੀ ਸੋਝੀ ਪੈ ਜਾਂਦੀ ਹੈ। ਗੁਰਵਾਕ ਹੈ—

— ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ ॥

(ਪੰਨਾ ੬੦)

— ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥

(ਪੰਨਾ ੫੭)

— ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥

(ਪੰਨਾ ੭੬੪)

ਪ੍ਰਮਾਤਮਕ ਗਿਆਨ ਮਿਲਣ ਨਾਲ ਸਾਰੇ ਰੂਪ ਦਿਸ ਪੈਂਦੇ ਹਨ। ਸਭ ਵਿਚ ਉਹੀ ਨਜ਼ਰ ਆਉਣ ਲੱਗਦਾ ਹੈ। ਆਪਣੇ ਤੇ ਦੂਸਰੇ ਵਿਚ ਕੋਈ ਫਰਕ ਨਹੀਂ ਦਿੱਸਦਾ। "ਸਭੇ ਘਟ ਰਾਮੁ ਬੋਲੈ" ਆਪਣਾ ਅਨੁਭਵ ਬਣ ਜਾਂਦਾ ਹੈ। ਇਸ ਹਾਲਤ ਵਿਚ ਤੁਸੀਂ ਪੂਰਨ ਗਿਆਨ ਨੂੰ ਉਪਲਬੱਧ ਹੋ ਜਾਂਦੇ ਹੋ। ਇਸ ਅਵਸਥਾ ਵਿਚ ਲੁਕਮਾਨ ਹਕੀਮ ੧੦,੦੦੦ ਜੜੀ-ਬੂਟੀਆਂ ਦੇ ਰੰਗ-ਰੂਪ ਬਾਰੇ ਦੱਸ ਸਕਦਾ ਹੈ, ਉਨ੍ਹਾਂ ਦੀ ਰਸਾਇਣਕ ਬਣਤਰ ਬਾਰੇ ਬੋਲ ਸਕਦਾ ਹੈ, ਇਨ੍ਹਾਂ ਬੂਟੀਆਂ ਦੇ ਸਾਡੇ ਜੀਵਨ ਤੇ ਪ੍ਰਭਾਵ ਬਾਰੇ ਦੱਸ ਸਕਦਾ ਹੈ। ਲੁਕਮਾਨ ਉਨ੍ਹਾਂ ਬੂਟੀਆਂ ਬਾਰੇ ਵੀ ਦੱਸਦਾ ਹੈ ਜਿਹੜੀਆਂ ਉਸ ਦੇ ਆਪਣੇ ਦੇਸ਼ ਵਿਚ ਨਹੀਂ ਹੁੰਦੀਆਂ। ਉਸ ਨੇ ਇਹ ਬੂਟੀਆਂ ਦੇਖੀਆਂ ਨ ਸੁਣੀਆਂ। ਇਨ੍ਹਾਂ ਬੂਟੀਆਂ ਦੀ ਕਿਸੇ ਪ੍ਰਯੋਗਸ਼ਾਲਾ ਵਿਚ ਜਾਂਚ ਕਰਨ ਦੀ ਉਸ ਨੂੰ ਲੋੜ ਨਹੀਂ ਪਈ ਕਿਉਂਕਿ ਉਸ ਨੂੰ ਹੁਣ ਤ੍ਰਿਭਵਨ ਦੀ ਸੋਝੀ ਹੋ ਗਈ



Digitized by Panjab Digital Library | www.panjabdigilib.org

ਸੀ। ਉਹ ਉਨ੍ਹਾਂ ਬੂਟੀਆਂ ਨਾਲ ਸਿੱਧੀ ਗੱਲਬਾਤ ਕਰ ਸਕਦਾ ਸੀ, ਸਵਾਲ-ਜੁਆਬ ਕਰ ਸਕਦਾ ਸੀ।

ਸਾਡੇ ਦੇਸ਼ ਦਾ ਪ੍ਰਸਿੱਧ ਵੈਦ ਹੋਇਆ ਹੈ ਸੁਸਰ। ਉਸ ਨੇ ਸਾਡੇ ਸਰੀਰ ਦਾ ਪੂਰਾ ਨਕਸ਼ਾ ਖਿੱਚ ਦਿੱਤਾ ਹੈ। ਉਸ ਦੱਸਿਆ ਕਿ ਸਾਡੇ ਸਰੀਰ ਦਾ ਕਿਹੜਾ-ਕਿਹੜਾ ਅੰਗ ਹੈ, ਕਿੱਥੇ ਹੈ ਤੇ ਕੀ ਕਰਦਾ ਹੈ। ਉਸ ਜ਼ਮਾਨੇ ਵਿਚ ਸਰੀਰ ਨੂੰ ਚੀਰਨ-ਫਾੜਣ ਦੀ ਕੋਈ ਵਿੱਦਿਆ ਨਹੀਂ ਸੀ। ਉਸ ਨੇ ਮਨੁੱਖੀ ਸਰੀਰ ਨੂੰ ਬਿਨਾਂ ਚੀਰਿਆਂ ਇਸ ਬਾਰੇ ਪੂਰਾ ਗਿਆਨ ਦੇ ਦਿੱਤਾ। ਇਹ ਹੈ ਪ੍ਰਮਾਤਮਕ ਗਿਆਨ ਦੀ ਸੋਝੀ।

ਗੁਰੂ ਨਾਨਕ ਦੇਵ ਜੀ ਨੇ ੫੦੦ ਸਾਲ ਪਹਿਲਾਂ ਕਿਹਾ ਕਿ ਧਰਤੀ ਇਕ ਨਹੀਂ ਅਨੇਕ ਹਨ, ਸੂਰਜ ਇਕ ਨਹੀਂ ਕਈ ਹਨ। ਆਪ ਜੀ ਨੇ ਕਿਹਾ ਧਰਤੀ ਲਾਟੂ ਵਾਂਗ ਫਿਰਦੀ ਹੈ—ਆਪਣੇ ਦੁਆਲੇ ਵੀ ਤੇ ਜਿਸ ਜਗਤ ਦੀ ਰਚਨਾ ਕੀਤੀ ਹੈ ਉਸ ਦੁਆਲੇ ਵੀ। ਇਹ ਗਿਆਨ ਗੁਰੂ ਜੀ ਨੇ ਉਦੋਂ ਦਿੱਤਾ ਜਦੋਂ ਸੰਸਾਰ ਸਮ-ਝਦਾ ਸੀ ਕਿ ਧਰਤੀ ਇਕ ਹੈ, ਚਪਟੀ ਹੈ, ਤੇ ਇਕ ਬਲਦ ਦੇ ਸਿੰਗ ਉਪਰ ਖਲੋਤੀ ਹੈ, ਤੇ ਸੂਰਜ ਧਰਤੀ ਦੇ ਦੁਆਲੇ ਘੁੰਮ ਰਿਹਾ ਹੈ। ਗੁਰੂ ਜੀ ਨੇ ਇਹ ਵਿਗਿਆਨਕ ਤੱਤ ਕਿਵੇਂ ਦੱਸੇ? ਪ੍ਰਮਾਤਮਕ ਗਿਆਨ ਰਾਹੀਂ।

ਪੂਨੇ ਦਾ ਇਕ ਡਾਕਟਰ (M.B.B.S.) ਸਿਮਰਨ ਅਭਿਆਸ ਵੀ ਕਰਦਾ ਹੈ। ਜਦੋਂ ਅਮਰੀਕਾ ਨੇ ਆਪਣੇ ਆਦਮੀ ਚੰਨ ਤੇ ਭੇਜੇ ਤਾਂ ਉਹ ਵੀ ਧਿਆਨ ਵਿਚ ਚੰਨ ਤੇ ਚਲਾ ਗਿਆ। ਉਹ ੧੫ ਸਕਿੰਟਾਂ ਵਿਚ ਉੱਥੇ ਪਹੁੰਚ ਗਿਆ ਤੇ ਜਹਾਜ਼ ਦੇ ਯਾਤਰੀ ਕਈ ਦਿਨਾਂ ਬਾਅਦ। ਉਸ ਨੇ ਚੰਨ ਦੀ ਜ਼ਮੀਨ ਬਾਰੇ ਜੋ ਦੱਸਿਆ ਹੈ ਉਹੀ ਜਹਾਜ਼ ਰਾਹੀਂ ਗਏ ਯਾਤਰੀਆਂ ਨੇ ਦੱਸਿਆ। ਅਸੀਂ ਮੰਗਲ ਗ੍ਰਹਿ ਤੇ ਅੰਤਰਿਕਸ਼-ਯਾਨ ਭੇਜਿਆ ਹੈ। ਉਹ ਡਾਕਟਰ ਉਥੋਂ ਹੋ ਆਇਆ ਹੈ। ਉਸ ਨੇ ਜੋ ਦੱਸਿਆ ਹੈ ਉਹੀ ਖਬਰ ਜਹਾਜ਼ ਦੇ ਕੈਮਰਿਆਂ ਨੇ ਦਿੱਤੀ ਹੈ। ਇਹ ਕੋਈ ਹੈਰਾਨ ਕਰਨ ਵਾਲੀ ਗੱਲ ਨਹੀਂ ਕਿਉਂਕਿ ਪਤਾਂਜਲੀ ਦੇ ਯੋਗ ਸ਼ਾਸਤਰ ਵਿਚ ਇਸ ਤਰ੍ਹਾਂ ਦੀਆਂ ਕਈ ਸ਼ਕਤੀਆਂ ਦਾ ਜ਼ਿਕਰ ਆਉਂਦਾ ਹੈ। ਸ਼ਕਤੀਆਂ ਦੇ ਚੈਪਟਰ ਦੇ ਪੰਜਵੇਂ ਸੂਤਰ ਵਿਚ ਉਹ ਲਿਖਦਾ ਹੈ, "ਤਜਿਯਾਤ ਪ੍ਰਗਿਯਾ ਲੋਕ" ਜਿਸ ਦਾ ਅਰਥ ਹੈ "ਜਿਸ ਨੂੰ ਜਿੱਤਣ



Digitized by Panjab Digital Library | www.panjabdigilib.org

ਨਾਲ ਯੋਗੀ ਸਾਮ ਗਿਆਨ ਹੋ ਜਾਂਦਾ ਹੈ (By conquest of that comes light of knowledge ।" ਸ਼ਕਤੀ ਤਾਂ ਉਸ ਪ੍ਰਭੂ ਦੀ ਹੀ ਹੈ ਸਾਰਿਆਂ ਵਿਚ, ਜਿਵੇਂ ਬਿਜਲੀ ਦਾ ਕਰੰਟ ਲਾਟੂ ਵਿਚ, ਪੱਖੇ ਵਿਚ, ਲਾਊਡ ਸਪੀਕਰ ਵਿਚ, ਫਰਿਜ ਆਦਿ ਵਿਚ ਹੈ। ਜਿਸ ਨੂੰ ਉਸ ਕਰੰਟ ਦੀ ਸਮਝ ਆ ਗਈ ਉਸ ਨੂੰ ਬਿਜਲੀ ਦੇ ਸਾਰੇ ਉਪਕਰਣਾਂ ਦੀ ਸਮਝ ਆ ਗਈ। ਇਸ ਤਰ੍ਹਾਂ ਹੀ ਪ੍ਰਭੂ ਸ਼ਕਤੀ ਦੀ ਸੋਝੀ ਪੈਣ ਨਾਲ ਤ੍ਰਿਭਵਣ ਦੀ ਸੋਝੀ ਪੈ ਜਾਂਦੀ ਹੈ ।

## ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥

ਗੁਰੂ ਜੀ ਕਹਿੰਦੇ ਹਨ ਕਿ ਕਈ ਪ੍ਰਕਾਰ ਦੇ ਵਾਯੂਮੰਡਲ ਹਨ ਜਿਨ੍ਹਾਂ ਵਿਚ ਗੈਸ (ਪਵਣ), ਪਾਣੀ ਤੇ ਗਰਮੀ (ਤਾਪਮਾਨ, ਬੈਸੰਤਰ) ਆਪੋ ਆਪਣੀ ਹੈ। ਕਈ ਧਰਤੀਆਂ ਹਨ ਤੇ ਉਨ੍ਹਾਂ ਨੂੰ ਬਨਾਉਣ ਵਾਲੇ (ਬ੍ਰਹਮਾ), ਪਾਲਣ ਵਾਲੇ (ਕਾਨ੍ਹ, ਕ੍ਰਿਸ਼ਨ ਜਾਂ ਵਿਸ਼ਨੂ) ਤੇ ਮਿਟਾਉਣ ਵਾਲੇ (ਮਹੇਸ਼, ਸ਼ੰਕਰ ਜਾਂ ਸ਼ਿਵ), ਕਈ ਦੇਵਤੇ ਹਨ। ਆਮ ਧਾਰਨਾ ਰਹੀ ਹੈ ਕਿ ਸੰਸਾਰ ਨੂੰ ਬਨਾਉਣ, ਪਾਲਣ ਤੇ ਮਿਟਾਉਣ ਵਾਲੇ ਤਿੰਨ ਦੇਵਤੇ ਹਨ। ਗੁਰਬਾਣੀ ਇਨ੍ਹਾਂ ਤਿੰਨਾਂ ਦਾ ਜ਼ਿਕਰ ਕਰਦੀ ਹੈ ਪਰ ਕਹਿੰਦੀ ਹੈ ਕਿ ਇਨ੍ਹਾਂ ਦੇ ਉੱਪਰ ਇਕ ਵਾਹਿਗੁਰੂ ਹੈ। ਜੋ ਇਨ੍ਹਾਂ ਤਿੰਨਾਂ ਨੂੰ ਅਲੱਗ ਅਲੱਗ ਦੇਖਦਾ ਹੈ ਤੇ ਇਨ੍ਹਾਂ ਤਿੰਨਾਂ ਦੇ ਕਰਤਾ ਨੂੰ ਨਹੀਂ ਦੇਖਦਾ, ਉਹ ਭਰਮ ਵਿਚ ਭੁਲਾ ਫਿਰਦਾ ਹੈ। ਵਾਹਿਗੁਰੂ ਇਨ੍ਹਾਂ ਤਿੰਨਾਂ ਦਾ ਹੀ ਨਹੀਂ, ਬਲਕਿ ਹੋਰ ਵੀ ਕਈ ਪ੍ਰਕਾਰ ਦੇ ਦੇਵੀ, ਦੇਵ, ਜਾਤੀਆਂ, ਜੰਤਾਂ ਦਾ ਕਰਤਾ ਹੈ। ਗੁਰਵਾਕ ਹੈ—

— ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥
(ਪੰਨਾ ੯੦੯)

— ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ । ਦੇਵੀ ਦੇਵ ਉਪਾਏ ਵੇਸਾ ॥
ਜੋਤੀ ਜਾਤੀ ਗਣਤ ਨ ਆਵੈ । ਜਿਨਿ ਸਾਜੀ ਸੋ ਕੀਮਤਿ ਪਾਵੈ ॥
(ਪੰਨਾ ੮੩੯)

ਪਰ ਜੇ ਸੰਸਾਰ ਹੀ ਬਹੁਤ ਹੋਣ ਤਾਂ ਦੇਵਤੇ ਵੀ ਬਹੁਤ ਹੋਣਗੇ ਕਿਉਂਕਿ ਹਰ ਧਰਤੀ ਦਾ ਆਪਣਾ ਬ੍ਰਹਮਾ, ਵਿਸ਼ਨੂ ਤੇ ਸ਼ਿਵ ਹੋਏਗਾ !



Digitized by Panjab Digital Library | www.panjabdigilib.org

**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥**

ਇਸ ਲਈ ਗੁਰੂ ਜੀ ਕਹਿੰਦੇ ਹਨ ਕਿ ਕਈ ਬ੍ਰਹਮੇ ਹਨ ਜਿਹੜੇ ਕਈ ਪ੍ਰਕਾਰ ਦੇ ਜੀਅ ਜੰਤ ਬਣਾ ਰਹੇ ਹਨ। ਪਰ ਇਹ ਵੀ ਸਿੱਖੀ ਦਾ ਸਿਧਾਂਤ ਨਹੀਂ। ਗੁਰੂ ਜੀ ਪ੍ਰਚਲਤ ਧਾਰਨਾ ਨੂੰ ਗਲਤ ਦੱਸਦੇ ਹੋਏ ਕਹਿੰਦੇ ਹਨ ਕਿ ਕਈ ਬ੍ਰਹਮੇ ਹਨ (ਤੇ ਕਈ ਬਿਸ਼ਨ ਤੇ ਕਈ ਮਹੇਸ਼)। ਸਿੱਖੀ ਦਾ ਅਸੂਲ ਹੈ ਕਿ ਇਕ ਕਰਤਾ ਇਨ੍ਹਾਂ ਤਿੰਨਾਂ (ਜਾਂ ਸਾਰੇ) ਦੇਵਤਿਆਂ ਦਾ ਕਰਤਾ ਹੈ। ਗੁਰੂ ਜੀ ਸਪਸ਼ਟ ਕਰਦੇ ਹਨ—

— ਬ੍ਰਹਮੋ ਪਸਾਰਾ ਬ੍ਰਹਮੁ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ ॥
ਜਲਿ ਥਲਿ ਮਹੀਅਲਿ ਪੂਰਿ ਪੂਰਨ ਤਿਸੁ ਬਿਨਾ ਨਹੀ ਜਾਏ ॥
(ਪੰਨਾ ੭੮੨)

— ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ ॥
(ਪੰਨਾ ੯੦੮)

— ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ ॥
(ਪੰਨਾ ਪ੩੪)

**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥**

ਕਿੰਨੀਆਂ ਹੀ ਧਰਤੀਆਂ ਹਨ ਜਿਥੇ ਕਈ ਪ੍ਰਕਾਰ ਦੇ ਜੀਅ ਜੰਤ ਆਪਣੇ-ਆਪਣੇ ਕਰਮ ਕਮਾ ਰਹੇ ਹਨ, ਆਪਣੇ ਧਰਮ ਦਾ ਪਾਲਣ ਕਰ ਰਹੇ ਹਨ। ਇਕ ਨਹੀਂ, ਕਿੰਨੇ ਹੀ ਸਮੇਰ ਪ੍ਰਬਤ ਹਨ। ਇਕ ਨਹੀਂ, ਕਿੰਨੇ ਹੀ ਧਰੂ ਵਰਗੇ ਭਗਤ ਹੋਏ ਹਨ ਜਿਹੜੇ ਦੁਨੀਆਂ ਨੂੰ ਧਰਮ ਕਮਾਉਣ ਦਾ ਉਪਦੇਸ਼ ਦੇਂਦੇ ਰਹੇ ਹਨ। ਧਰੂ ਇਕ ਰਾਜੇ ਦਾ ਪੁੱਤਰ ਸੀ। ਰਾਜਾ ਧਰੂ ਦੀ ਮਾਂ ਨੂੰ ਨਹੀਂ ਉਸ ਦੀ ਮਤਰੇਈ ਮਾਂ ਨੂੰ ਪਿਆਰ ਕਰਦਾ ਸੀ। ਇਕ ਵਾਰੀ ਧਰੂ ਆਪਣੇ ਪਿਉ ਦੀ ਗੋਦੀ ਵਿਚ ਬਹਿ ਗਿਆ ਪਰ ਮਤਰੇਈ ਮਾਂ ਨੇ ਡਾਂਟ ਕੇ ਗੋਦੀਓਂ ਉਤਾਰ ਦਿੱਤਾ। ਧਰੂ ਬਾਲਕ ਰੋਂਦਾ ਆਪਣੀ ਮਾਂ ਕੋਲ ਗਿਆ ਤੇ ਸਾਰੀ ਦੁਖਿਦ ਗੱਲ ਸੁਣਾਈ। ਮਾਂ ਨੇ ਕਿਹਾ ਕਿ ਪ੍ਰਭੂ ਭਗਤੀ ਨਾਲ ਹੀ ਇਸ ਪ੍ਰਕਾਰ ਦੇ ਦੁਖ ਦੂਰ ਹੋ ਸਕਦੇ ਹਨ। ਕਹਿੰਦੇ ਹਨ ਕਿ ਉਸ ਬਾਲਕ ਨੇ ਉਸੇ ਸਮੇਂ ਮਹੱਲ ਤਿਆਗ ਦਿੱਤਾ ਤੇ ਪ੍ਰਭੂ ਦੀ ਭਗਤੀ ਵਿਚ ਲਗ ਗਿਆ।



Digitized by Panjab Digital Library | www.panjabdigilib.org

ਉਸ ਨੇ ਅਜਿਹੀ ਅਡੋਲ ਤੇ ਅਡਿਗ ਤਪੱਸਿਆ ਕੀਤੀ ਕਿ ਆਸਮਾਨ ਦੇ ਇਕ ਤਾਰੇ ਦਾ ਨਾਂ ਹੀ ਉਸ ਦੇ ਨਾਂ ਪਿਛੇ ਰਖਿਆ ਗਿਆ। ਸਾਰੇ ਤਾਰਾ-ਮੰਡਲ ਵਿਚ ਇਕੋ ਧਰੂ ਤਾਰਾ ਹੀ ਹੈ ਜਿਹੜਾ ਸਾਰੀ ਰਾਤ ਇਕੋ ਜਗ੍ਹਾ ਟਿਕਿਆ ਰਹਿੰਦਾ ਹੈ, ਬਾਕੀ ਸਾਰੇ ਤਾਰੇ ਆਪਣੀਆਂ ਜਗ੍ਹਾ ਬਦਲਦੇ ਰਹਿੰਦੇ ਹਨ। ਜਿਹੜਾ ਤਾਰਾ ਸ਼ਾਮੀਂ ਇਕ ਥਾਂ ਹੁੰਦਾ ਹੈ ਉਹ ਅੱਧੀ ਰਾਤੀਂ ਹੋਰ ਥਾਂ ਤੇ ਚਲਾ ਜਾਂਦਾ ਹੈ ਤੇ ਸਵੇਰ ਵੇਲੇ ਹੋਰ ਥਾਂ ਤੇ ਚਲਾ ਜਾਂਦਾ ਹੈ। ਪਰ ਧਰੂ ਤਾਰਾ ਆਪਣੀ ਥਾਂ ਨਹੀਂ ਛੱਡਦਾ। ਉਹ ਅਡੋਲ ਹੀ ਰਹਿੰਦਾ ਹੈ ਜਿਵੇਂ ਧਰੂ ਭਗਤ ਆਪਣੀ ਭਗਤੀ ਵਿਚ ਅਡੋਲ ਰਿਹਾ ਸੀ। ਇਸ ਸਾਂਝੇ ਗੁਣ ਕਰ ਕੇ ਇਸ ਤਾਰੇ ਦਾ ਨਾਂ ਧਰੂ ਪੈ ਗਿਆ—ਧਰੂ ਤਾਰਾ। ਧਰੂ ਭਗਤ ਨੂੰ ਬਹੁਤ ਸ਼ਕਤੀਆਂ ਮਿਲੀਆਂ, ਉਸ ਦਾ ਜਸ ਹੋਇਆ ਤੇ ਉਸ ਨੂੰ ਉਸ ਦਾ ਰਾਜ ਮਿਲਿਆ ਜਿਸ ਕੋਲੋਂ ਉਸ ਨੂੰ ਉਸ ਦੀ ਮਤਰੇਈ ਮਾਂ ਕਾਰਣ ਵਾਂਜਿਆ ਗਿਆ ਸੀ। ਧਰੂ ਦੀ ਭਗਤੀ ਨੂੰ ਦੇਖਦਿਆਂ ਹੋਇਆਂ ਹੀ ਗੁਰਬਾਣੀ ਵਿਚ ਦੱਸਿਆ ਗਿਆ—

— ਰਾਮ ਜਪਉ ਜੀਅ ਐਸੇ ਐਸੇ। ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥

(ਪੰਨਾ ੩੩੭)

— ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀ ਸੁਤੁ ਗੁਰਮੁਖਿ ਨਾਮਿ ਤਰੇ ॥

(ਪੰਨਾ ੬੬੫)

## ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।

ਕਈ ਸੂਰਜ ਹਨ, ਕਈ ਚੰਨ ਹਨ, ਕਈ ਧਰਤੀਆਂ ਹਨ। ਇਹ ਗੱਲ ਗੁਰੂ ਜੀ ਨੇ ੫੦੦ ਸਾਲ ਪਹਿਲਾਂ ਉਦੋਂ ਕਹੀ ਜਦੋਂ ਦੁਨੀਆਂ ਅਗਿਆਨ ਦੇ ਹਨੇਰੇ ਵਿਚ ਫਸੀ ਹੋਈ ਇਨ੍ਹਾਂ ਸਾਰਿਆਂ ਦੀ ਪੂਜਾ ਕਰਦੀ ਸੀ ਤੇ ਇਕ ਧਰਤੀ, ਇਕ ਚੰਨ ਤੇ ਇਕ ਸੂਰਜ ਮੰਨਦੀ ਸੀ।

## ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥

ਸਿਧ ਉਹ ਹੈ ਜਿਸ ਨੇ ਸ਼ਕਤੀਆਂ (ਰਿਧੀ-ਸਿਧੀ) ਪ੍ਰਾਪਤ ਕਰ ਲਈਆਂ। ਇਨ੍ਹਾਂ ਨੂੰ ਰਸਤੇ ਵਿਚ ਕੁਝ ਮੋਤੀ ਮਿਲ ਗਏ ਤੇ ਇਹ ਉਥੇ ਹੀ ਰੁਕ ਗਏ। ਅੱਗੇ



Digitized by Panjab Digital Library | www.panjabdigilib.org

ਦੀ ਯਾਤਰਾ ਨਹੀਂ ਕੀਤੀ। ਇਨ੍ਹਾਂ ਰਿਧੀਆਂ ਸਿਧੀਆਂ ਦੀ ਗੁਰਬਾਣੀ ਵਿਚ ਨਿਖੇਧੀ ਹੈ ਤੇ ਸਿੱਖ ਨੂੰ ਸਿਰਫ਼ ਨਾਮ ਦੀ ਭਗਤੀ ਦੀ ਹੀ ਆਗਿਆ ਹੈ—

— ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ ॥

(ਪੰਨਾ ੫੦੪)

— ਸਿਧ ਸਾਧਿਕ ਕੇਤੇ ਮੁਨਿ ਦੇਵਾ ॥
ਹਠਿ ਨਿਗ੍ਰਹਿ ਨ ਤ੍ਰਿਪਤਾਵਹਿ ਭੇਵਾ ॥

(ਪੰਨਾ ੯੦੬)

— ਸਿਧ ਸਾਧਿਕ ਦੇਵ ਮੁਨਿ ਜਨ ਭਗਤ ਨਾਮੁ ਅਧਾਰਾ ॥

(ਪੰਨਾ ੪੬੧)

ਇਸ ਤਰ੍ਹਾਂ ਹੀ ਕਈ ਦੇਵੀਆਂ ਹਨ ਤੇ ਉਨ੍ਹਾਂ ਦੇ ਕਈ ਰੂਪ ਹਨ।

**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥**

ਗੁਰਬਾਣੀ ਵਿਚ ਦੇਵ ਦਾਨਵ ਸ਼ਬਦ ਬਹੁਤੀ ਵਾਰੀ ਇਕੱਠਾ ਆਉਂਦਾ ਹੈ, ਜਿਵੇਂ :—

— ਹੁਕਮਿ ਉਪਾਏ ਦਸ ਅਵਤਾਰਾ। ਦੇਵ ਦਾਨਵ ਅਗਣਤ ਅਪਾਰਾ ॥

(ਪੰਨਾ ੧੦੩੭)

— ਦੇਵ ਦਾਨਵ ਗਣ ਗੰਧਰਬ ਸਾਜੇ ਸਭਿ ਲਿਖਿਆ ਕਰਮ ਕਮਾਇਆ ॥

(ਪੰਨਾ ੧੦੩੮)

ਚੇਤੇ ਰੱਖੋ ਕਿ ਭਾਵੇਂ ਭਾਰਤੀ ਧਰਮ ਵਿਚ ਦੇਵਤੇ ਵਿਸ਼ੇਸ਼ ਸਥਾਨ ਰਖਦੇ ਹਨ ਪਰ ਗੁਰਮਤਿ ਵਿਚ ਇਨ੍ਹਾਂ ਦਾ ਕੋਈ ਵਿਸ਼ੇਸ਼ ਸਥਾਨ ਨਹੀਂ। ਜਾਨਣ ਵਾਲੇ ਕਹਿੰਦੇ ਹਨ ਕਿ ਸਿਮਰਨ ਦੀ ਬਹੁਤੀ ਤੀਬਰ ਗਤੀ ਵਾਲਾ ਅਚਾਨਕ ਮਰ ਜਾਏ ਤਾਂ ਉਹ ਦੇਵ ਜੂਨ ਵਿਚ ਚਲਾ ਜਾਂਦਾ ਹੈ ਤੇ ਜੇ ਕੋਈ ਗਹਿਰੀ ਮੰਦ ਭਾਵਨਾ ਵਾਲਾ ਪ੍ਰਾਣੀ ਅਚਾਨਕ ਮਰ ਜਾਏ ਤਾਂ ਉਹ ਦਾਨਵ (ਦੈਂਤ, ਰਾਖਸ਼, ਪ੍ਰੇਤ) ਜੂਨੀ ਵਿਚ ਪੈ ਜਾਂਦਾ ਹੈ। ਪ੍ਰਭੂ ਪ੍ਰਾਪਤੀ ਦਾ ਰਾਹ ਮਨੁੱਖੀ ਜਾਮੇ ਤੋਂ ਹੀ ਜਾਂਦਾ ਹੈ (ਇਸ ਦੇਹੀ



Digitized by Panjab Digital Library | www.panjabdigilib.org

ਕਉ ਸਿਮਰਹਿ ਦੇਵ)। ਜੇ ਇਹ ਜਾਮਾ ਅਧ-ਵਿਚਾਲੇ ਹੀ ਛੱਡਣਾ ਪਏ ਤਾਂ ਅਗੇ ਯਾਤਰਾ ਨਹੀਂ ਹੁੰਦੀ। ਦੇਵ ਦਾਨਵ ਦੋਹਾਂ ਨੂੰ ਮੁੜ ਮਨੁੱਖੀ ਜੂਨ ਲੈ ਕੇ ਅਗੇ ਵਧਣਾ ਪੈਂਦਾ ਹੈ। ਦੇਵ ਤੇ ਦਾਨਵ, ਦੋਨਾਂ ਦਾ ਮਨ ਬਹੁਤ ਪ੍ਰਬਲ ਹੁੰਦਾ ਹੈ ਤੇ ਇੱਛਾ ਬਹੁਤ ਸ਼ਕਤੀਸ਼ਾਲੀ। ਦੇਵ ਦੀ ਸ਼ਕਤੀ ਚੰਗੇ ਪਾਸੇ ਜਾਂਦੀ ਹੈ ਤੇ ਦਾਨਵ ਦੀ ਮੰਦੇ ਪਾਸੇ। ਅਚਾਨਕ ਮੌਤ ਨਾਲ ਉਹ ਐਨੇ ਬੌਖਲਾ ਜਾਂਦੇ ਹਨ ਕਿ ਕਾਫੀ ਸਮੇਂ ਤਕ ਨਵੇਂ ਜਨਮ ਲੈਣ ਬਾਰੇ ਸੋਝੀ ਹੀ ਨਹੀਂ ਰਹਿੰਦੀ। ਤੇ ਜਦੋਂ ਸੋਝੀ ਆਉਂਦੀ ਹੈ ਤਾਂ ਉਨ੍ਹਾਂ ਦੀ ਮਨੋਦਸ਼ਾ ਵਰਗਾ ਐਨਾ ਭੈੜਾ (ਦਾਨਵ ਲਈ) ਜਾਂ ਐਨਾ ਚੰਗਾ (ਦੇਵਤੇ ਲਈ) ਗਰਭ ਆਸਾਨੀ ਨਾਲ ਨਹੀਂ ਮਿਲਦਾ ਤੇ ਇਨ੍ਹਾਂ ਨੂੰ ਦੇਵ ਜਾਂ ਦਾਨਵ ਜੂਨੀ ਵਿਚ ਹੀ ਪਿਆ ਰਹਿਣਾ ਪੈਂਦਾ ਹੈ (ਦੇਖੋ ਮੇਰੀ ਪੁਸਤਕ 'ਮੌਤ ਕੀ ਹੈ ?')। ਇਨ੍ਹਾਂ ਦੇ ਉਧਾਰ ਲਈ ਕਿਸੇ ਮਹਾਂਪੁਰਖ ਦੀ ਲੋੜ ਪੈਂਦੀ ਹੈ ਤਾਂਕਿ ਉਨ੍ਹਾਂ ਨੂੰ ਆਪਣੇ ਬਾਰੇ ਸੋਝੀ ਆ ਸਕੇ ਤੇ ਉਹ ਮਨੁੱਖੀ ਜੂਨ ਵਿਚ ਆ ਸਕਣ। ਅਹਿਲਿਆ ਨੂੰ ਰਾਮ ਦੀ ਲੋੜ ਪਈ, ਪੂਤਨਾ ਨੂੰ ਕ੍ਰਿਸ਼ਨ ਦੀ, ਉਂਗਲੀ ਮਾਰ ਨੂੰ ਬੁਧ ਦੀ, ਕੌਡਾ ਰਾਖਸ਼ ਨੂੰ ਗੁਰੂ ਨਾਨਕ ਦੀ।

## ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥

ਖਾਣੀ ਦਾ ਅਰਥ ਹੈ "ਖਾਣੀਆਂ ਤੋਂ ਉਪਜੇ ਪ੍ਰਾਣੀ"। ਜਿਸ ਰਾਹੀਂ ਜੀਵ ਜਨਮ ਲਏ ਉਹ ਖਾਣੀ ਹੈ। ਖਾਣੀਆਂ ਚਾਰ ਪ੍ਰਕਾਰ ਦੀਆਂ ਮੰਨੀਆਂ ਜਾਂਦੀਆਂ ਹਨ—

(੧) ਅੰਡਜ ਖਾਣੀ (ਅੰਡਿਆਂ ਰਾਹੀਂ ਜਨਮ ਲੈਣਾ ਜਿਸ ਤਰ੍ਹਾਂ ਮੁਰਗੀ) (੨) ਜੇਰਜ ਖਾਣੀ (ਸਰੀਰ ਰਾਹੀਂ ਜਨਮ ਲੈਣਾ ਜਿਸ ਤਰ੍ਹਾਂ ਪਸ਼ੂ, ਮਨੁੱਖ), (੩) ਸੇਤਜ ਖਾਣੀ (ਪਸੀਨੇ ਰਾਹੀਂ ਜਨਮ ਲੈਣਾ ਜਿਸ ਤਰ੍ਹਾਂ ਜੂਆਂ), (੪) ਉਤਭੁਜ ਖਾਣੀ (ਜ਼ਮੀਨ ਰਾਹੀਂ ਜਨਮ ਲੈਣਾ ਜਿਸ ਤਰ੍ਹਾਂ ਸਾਗ-ਸਬਜ਼ੀ)। ਇਨ੍ਹਾਂ ਖਾਣੀਆਂ ਤੋਂ ਉਪਜੇ ਜੀਵ ਕਈ ਹਨ। ਇਨ੍ਹਾਂ ਜੀਆਂ ਦੀਆਂ ਕਈ ਬੋਲੀਆਂ ਹਨ "ਚਉਥਿ ਉਪਾਏ ਚਾਰੇ ਬੇਦਾ। ਖਾਣੀ ਚਾਰੇ ਬਾਣੀ ਭੇਦਾ"। ਕਈ ਸਿਆਣਿਆਂ ਨੇ ਬਾਣੀ (ਆਵਾਜ਼) ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੈ।

ੴ ਜਾਂ ਵਾਹਿਗੁਰੂ ਸ਼ਬਦ ਦੇ ਸਿਮਰਨ ਲਈ ਧੁਨੀ ਨੂੰ ਇਨ੍ਹਾਂ ਚਾਰੇ ਸੈਂਟਰਾਂ



Digitized by Panjab Digital Library | www.panjabdigilib.org

(ਧੁਨੀ, ਗਲਾ, ਤਾਲੂ ਤੇ ਬੁਲ੍ਹ) ਵਿਚੋਂ ਕੱਢਣਾ ਪੈਂਦਾ ਹੈ। ਇਨ੍ਹਾਂ ਕਈ ਜਾਤ-ਪਾਤ ਦੇ ਪ੍ਰਾਣੀਆਂ ਉੱਪਰ ਰਾਜ ਕਰਨ ਲਈ ਕਈ ਪਾਤਸ਼ਾਹ (ਪਾਤ) ਤੇ ਕਈ ਰਾਜੇ (ਨਰ + ਇੰਦਰ = ਨਰਿੰਦਰ) ਹਨ।

**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ।**

ਸੇਵਾ ਤੇ ਧਿਆਨ (ਸੁਰਤੀ) ਪ੍ਰਭੂ ਪ੍ਰਾਪਤੀ ਦੇ ਚਾਰ ਮੁਖ ਅੰਗਾਂ ਵਿਚੋਂ ਦੋ ਹਨ। ਇਨ੍ਹਾਂ ਬਾਰੇ ਮੈਂ ਫੇਰ ਚਰਚਾ ਕਰਾਂਗਾ। ਪਰ ਸਿੱਖੀ ਵਿਚ ਮੁੱਖ ਸੇਵਾ ਗੁਰੂ ਦੀ ਤੇ ਗੁਰੂ ਘਰ ਦੀ ਹੈ। ਸੇਵਾ ਉਹੀ ਪ੍ਰਵਾਨ ਹੈ ਜਿਹੜੀ ਸਚੇ ਪਾਤਸ਼ਾਹ ਦੀ ਹੈ। ਗੁਰਵਾਕ ਹੈ—

— ਸੇਵਕ ਸਚੇ ਸਾਹ ਕੇ ਸੇਈ ਪਰਵਾਣੁ ॥
ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਣ ॥

(ਪੰਨਾ ੩੧੫)

ਪਰ ਅਸਲੀ ਸੇਵਾ ਤਾਂ ਹੀ ਹੁੰਦੀ ਹੈ ਜਦੋਂ ਅੰਦਰ ਵਸਦੇ ਪ੍ਰਭੂ ਦੀ ਪਛਾਣ ਹੋ ਜਾਏ ਤੇ ਉਸ ਦੀ ਸੇਵਾ ਵਿਚ ਸੁਆਦ ਆਣ ਲੱਗੇ। ਗੁਰਵਾਕ ਹੈ—

— ਸੇਵਕ ਸੋ ਸੇਵਾ ਭਲੇ ਜਿਹ ਘਟ ਬਸੈ ਮੁਰਾਰਿ ॥

(ਪੰਨਾ ੩੩੭)

— ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ ॥

(ਪੰਨਾ ੫੬੬)

ਇਸ ਪਉੜੀ ਵਿਚ ਗੁਰੂ ਜੀ ਪੂਰੇ ਬ੍ਰਹਮੰਡ ਤੇ ਉਸ ਦੇ ਵਾਸੀਆਂ ਦਾ ਜ਼ਿਕਰ ਕਰਕੇ ਸਮਝਾਉਂਦੇ ਹਨ ਕਿ ਸਾਰੇ ਹੀ ਆਪਣਾ ਆਪਣਾ ਧਰਮ ਕਮਾ ਰਹੇ ਹਨ। ਗੁਰੂ ਜੀ ਵਾਯੂ ਮੰਡਲ (ਪਵਣ ਪਾਣੀ ਵੈਸੰਤਰ) ਦਾ ਜ਼ਿਕਰ ਕਰਦੇ ਹਨ, ਕਈ ਚੰਨ, ਸੂਰਜ ਦਾ ਜ਼ਿਕਰ ਕਰਦੇ ਹਨ (ਕੇਤੇ ਇੰਦ ਚੰਦ ਸੂਰ), ਕਈ ਵੱਡੇ ਦੇਵਤਿਆਂ ਦਾ ਜ਼ਿਕਰ ਕਰਦੇ ਹਨ (ਕੇਤੇ ਕਾਨ ਮਹੇਸ), ਕਈ ਹੋਰ ਦੇਵਤਿਆਂ ਦਾ ਜ਼ਿਕਰ ਕਰਦੇ ਹਨ (ਕੇਤੇ ਦੇਵ ਦਾਨਵ ਮੁਨਿ), ਕਈ ਭਗਤਾਂ ਦਾ ਜ਼ਿਕਰ ਕਰਦੇ ਹਨ (ਕੇਤੇ



Digitized by Panjab Digital Library | www.panjabdigilib.org

ਸਿਧ ਬੁਧ ਨਾਥ), ਕਈ ਲੋਕਾਂ ਤੇ ਉਨ੍ਹਾਂ ਦੇ ਰਾਜਿਆਂ ਦਾ ਜ਼ਿਕਰ ਕਰਦੇ ਹਨ (ਕੇਤੀਆਂ ਖਾਣੀ ਕੇਤੀਆਂ ਬਾਣੀ ਕੇਤੇ ਪਾਤ ਨਰਿੰਦ)।

ਇਸ ਤਰ੍ਹਾਂ ਸਮਝੋ। ਗੀਤਾ ਵਿਚ ਕ੍ਰਿਸ਼ਨ ਭਗਵਾਨ ਅਰਜਨ ਨੂੰ ਕਹਿੰਦੇ ਹਨ ਕਿ ਮੇਰੇ ਮੂੰਹ ਵਿਚ ਦੇਖ ਤੈਨੂੰ ਸਾਰਾ ਬ੍ਰਹਮੰਡ ਨਜ਼ਰ ਆਇਗਾ। ਇਸੇ ਪ੍ਰਕਾਰ ਗੁਰੂ ਨਾਨਕ ਦੇਵ ਜੀ ਸਿੱਖ ਨੂੰ ਕਹਿੰਦੇ ਹਨ, ਅੱਖਾਂ ਨੂਟ, ਆਪਣੇ ਅੰਦਰ ਝਾਤੀ ਮਾਰ, ਇਸ ਪਉੜੀ ਵਿਚ ਬਿਆਨੇ ਸਾਰੇ ਬ੍ਰਹਮੰਡ ਤੇ ਉਸ ਦੇ ਵਾਸੀ ਨਜ਼ਰ ਆਉਣਗੇ। ਸਿੱਖ ਦੇਖੇਗਾ, ਗੁਰੂ ਦਿਖਾਏਗਾ ਤੇ ਪ੍ਰਤੱਖ ਗਿਆਨ ਪ੍ਰਾਪਤ ਹੋਏਗਾ। ਸਿੱਖ ਨੂੰ ਗਿਆਨ ਆਏਗਾ ਕਿ ਉਸ ਨੂੰ ਛੱਡ ਕੇ ਸਾਰੇ ਪ੍ਰਾਣੀ ਆਪਣਾ ਆਪਣਾ ਧਰਮ ਕਰਮ ਕਰ ਰਹੇ ਹਨ। ਸਾਰੇ ਆਪਣੇ ਸੇਵਾ-ਧਿਆਨ ਵਿਚ ਲੀਨ ਹਨ। ਇਹ ਜਾਣ ਕੇ ਮਨੁੱਖ ਨੂੰ ਧਰਮ ਕਮਾਉਣ ਦੀ ਪ੍ਰੇਰਨਾ ਮਿਲੇਗੀ।

— ਤਤੁ ਗਿਆਨੁ ਲਾਇ ਧਿਆਨੁ ਦ੍ਰਿਸਟਿ ਸਮੇਟਿਆ ॥
ਸਭੋ ਜਪੀਐ ਜਾਪੁ ਜਿ ਮੁਖਹੁ ਬੋਲੇਟਿਆ ॥

(ਪੰਨਾ ੫੨੦)

○ ○



Digitized by Panjab Digital Library | www.panjabdigilib.org

## ਜਪੁਜੀ ਸਾਹਿਬ – ੩੬ਵੀਂ ਪਉੜੀ

**ਸਰਮ ਖੰਡ ਕੀ ਬਾਣੀ ਰੂਪੁ ॥**

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦੁ ॥
ਸਰਮ ਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥
ਤਾ ਕੀਆ ਗਲਾ ਕਥੀਆ ਨਾ ਜਾਹਿ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ ੩੬ ॥

(ਪੰਨਾ ੮)

Digitized by Panjab Digital Library | www.panjabdigilib.org

੩

# ਸਰਮ ਖੰਡ ਕੀ ਬਾਣੀ ਰੂਪੁ ॥

ਗਿਆਨ ਖੰਡ ਮਹਿ ਗਿਆਨੁ ਪਰਚੰਡੁ ।

ਧਰਮ ਖੰਡ ਦਾ ਜ਼ਿਕਰ ਕਰਦਿਆਂ ਹੋਇਆਂ ਗੁਰੂ ਜੀ ਨੇ ਸਾਨੂੰ ਸਮਝਾਇਆ ਸੀ ਕਿ ਮਨੁੱਖ ਨੂੰ ਛਡ ਕੇ ਸਾਰੇ ਪ੍ਰਾਣੀ, ਸਾਰੇ ਜੀਵ, ਆਪਣਾ ਆਪਣਾ ਧਰਮ ਕਮਾ ਰਹੇ ਹਨ । ਗੁਰੂ ਜੀ ਨੇ ਸਾਨੂੰ ਧਰਮ ਕਮਾਉਣ ਲਈ ਕਿਹਾ ।

ਗਿਆਨ ਖੰਡ ਦਾ ਜ਼ਿਕਰ ਕਰਦਿਆਂ ਗੁਰੂ ਜੀ ਨੇ ਸਾਨੂੰ ਦੱਸਿਆ ਕਿ ਸਾਰੀਆਂ ਧਰਤੀਆਂ, ਸਾਰੇ ਚੰਨ-ਸੂਰਜ, ਸਾਰਾ ਬ੍ਰਹਮੰਡ ਇਨ੍ਹਾਂ ਵਿਚ ਵਸਦੇ ਜੀਵ, ਸਭ ਆਪਣਾ ਧਰਮ ਕਮਾ ਰਹੇ ਹਨ । ਗੁਰੂ ਜੀ ਨੇ ਸਾਨੂੰ ਫਿਰ ਸਮਝਾਇਆ ਕਿ ਹੇ ਮਨੁੱਖ, ਤੂੰ ਵੀ ਆਪਣਾ ਧਰਮ ਕਮਾ । ਭਰਪੂਰ ਗਿਆਨ ਦੇ ਕੇ ਗੁਰੂ ਜੀ ਨੇ ਸਾਨੂੰ ਆਪਣੇ ਧਰਮ ਦਾ ਧਾਰਣੀ ਹੋਣ ਲਈ ਕਿਹਾ । ਗੁਰੂ ਜੀ ਨੇ ਕਿਹਾ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਛੱਡ ਕੇ ਸਚਿਆਰ, ਨਿਰਭਉ, ਨਿਰਵੈਰ, ਅਕਾਲ, ਅਜੂਨੀ ਬਣੋ । ਨਫਰਤ ਦੀ ਥਾਂ ਪਿਆਰ ਵੰਡੋ, ਕਰੋਧ ਦੀ ਥਾਂ ਕਰੁਣਾ ਵੰਡੋ ਤੇ ਅਹੰਕਾਰ ਦੀ ਥਾਂ ਸੇਵਾ ਕਰੋ । ਪਰ ਮਨੁੱਖ, ਆਪਣੀ ਆਦਤ ਅਨੁਸਾਰ ਪੁਛਦਾ ਹੈ ਕਿ ਮੈਂ



Digitized by Panjab Digital Library | www.panjabdigilib.org

ਕਿਉਂ ਧਰਮ ਦੀ ਪਾਲਨਾ ਕਰਾਂ, ਮੈਂ ਕਿਉਂ ਸਚਿਆਰਾ ਬਣਾਂ, ਮੈਨੂੰ ਕੀ ਲਾਭ ਹੋਏਗਾ ? ਮਨੁੱਖ ਹਮੇਸ਼ਾਂ ਹਰ ਚੀਜ਼ ਨੂੰ ਲਾਭ ਹਾਨੀ ਦੀ ਨਜ਼ਰ ਨਾਲ ਤੋਲਦਾ ਹੈ। ਕੀ ਲਾਭ ?

## ਤਿਥੈ ਨਾਦ ਬਿਨੋਦ ਕੋਡ ਅਨੰਦੁ ॥

ਇਸ ਦਾ ਜਵਾਬ ਦੇਂਦੇ ਹੋਏ ਗੁਰੂ ਜੀ ਕਹਿੰਦੇ ਹਨ ਕਿ ਧਰਮ ਕਮਾਉਣ ਵਾਲੇ ਨੂੰ ਨਾਦ ਸੁਣੇਗਾ, ਅਨੰਦ ਪ੍ਰਾਪਤ ਹੋਏਗਾ ਤੇ ਕਰੋੜਾਂ ਖੇਲ ਤਮਾਸ਼ਿਆਂ (ਬਿਨੋਦ ਕੋਡ) ਦਾ ਅਨੁਭਵ ਹੋਏਗਾ। ਜਿਹੜਾ ਮਨੁੱਖ ਪ੍ਰਭੂ ਵਲ ਜਾਏਗਾ ਉਸ ਨੂੰ ਨਾਦ ਬਿਨੋਦ ਅਨੰਦ ਦਾ ਪ੍ਰਸਾਦ ਮਿਲੇਗਾ। ਗੁਰਵਾਕ ਹੈ—

— ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ ॥

(ਪੰਨਾ ੬੨੯)

— ਅਨੰਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥

(ਪੰਨਾ ੬੭)

ਨਾਦ ਸੁਣੇਗਾ ਤਾਂ ਅਨੰਦ ਮਿਲੇਗਾ, ਤੇ ਅਨੰਦ ਮਿਲੇਗਾ ਤਾਂ ਤਮਾਸ਼ਿਆਂ ਦਾ ਅਨੁਭਵ ਹੋਏਗਾ। ਇਹ ਨਾਦ ਕੀ ਹੈ ?

ਨਾਦ ਦੋ ਤਰ੍ਹਾਂ ਦਾ ਹੈ। ਇਕ ਹੈ ਹਦ-ਨਾਦ, ਦੂਸਰਾ ਹੈ ਅਨ-ਹਦ ਨਾਦ। ਹਦ-ਨਾਦ ਟਕਰਾਉ ਨਾਲ ਪੈਦਾ ਹੁੰਦਾ ਹੈ। ਤਬਲੇ ਦੇ ਹੱਥਾਂ ਦੇ ਟਕਰਾਉ ਨਾਲ ਹਦ-ਨਾਦ ਪੈਦਾ ਹੁੰਦਾ ਹੈ, ਜਾਂ ਗਲੇ ਦੀਆਂ ਨਾੜੀਆਂ ਦਾ ਹਵਾ ਦੇ ਟਕਰਾਉ ਨਾਲ ਹਦ-ਨਾਦ ਪੈਦਾ ਹੁੰਦਾ ਹੈ। ਅਨ-ਹਦ ਨਾਦ ਬਿਨਾਂ ਟਕਰਾਉ ਦੇ ਪੈਦਾ ਹੁੰਦਾ ਹੈ। ਆਮ ਮਨੁੱਖ ਦਾ ਅਨਹਦ ਨਾਦ ਬਾਰੇ ਕੋਈ ਅਨੁਭਵ ਨਹੀਂ। ਉਸ ਦੀ ਸਾਰੀ ਜਾਣਕਾਰੀ ਹਦ-ਨਾਦ ਤਕ ਹੀ ਸੀਮਤ ਹੈ। ਹਦ-ਨਾਦ ਤੋਂ ਹੋਰ ਤਰ੍ਹਾਂ ਦਾ ਅਨੰਦ ਤੇ ਹੋਰ ਤਰ੍ਹਾਂ ਦਾ ਬਿਨੋਦ ਮਿਲਦਾ ਹੈ, ਅਨਹਦ ਨਾਦ ਤੋਂ ਹੋਰ ਤਰ੍ਹਾਂ ਦਾ ਅਨੰਦ ਤੇ ਬਿਨੋਦ।

ਹਦ-ਨਾਦ ਤੋਂ ਮਸਤੀ ਮਿਲਦੀ ਹੈ, ਸੁਖ ਮਿਲਦਾ ਹੈ ਤੇ ਇਸ ਅਨੁਭਵ ਨੂੰ ਆਮ ਭਾਸ਼ਾ ਵਿਚ ਅਨੰਦ ਕਹਿ ਦੇਂਦੇ ਹਾਂ। ਜਿਸ ਤਰ੍ਹਾਂ ਸਵਾਦਲਾ ਭੋਜਨ ਖਾ



Digitized by Panjab Digital Library | www.panjabdigilib.org

ਲਈਏ ਤਾਂ ਕਹੀਦਾ ਹੈ "ਬਣਾ ਅਨੰਦ ਆਇਆ।" ਇਹ ਅਨੰਦ ਸ਼ਬਦ ਦੀ ਗਲਤ ਵਰਤੋਂ ਹੈ। ਇਹ ਕੁਝ ਮਸਤੀ ਹੈ ਜਿਹੜੀ ਕੁਝ ਸਮੇਂ ਬਾਅਦ ਲਹਿ ਜਾਏਗੀ, ਇਹ ਆਰਜ਼ੀ ਸੁਖ ਹੈ ਜਿਹੜਾ ਛੇਤੀ ਹੀ ਦੁਖ ਵਿਚ ਬਦਲ ਜਾਏਗਾ। ਸੁਖ ਜਾਏਗਾ, ਦੁਖ ਆਏਗਾ, ਦੁਖ ਜਾਏਗਾ, ਸੁਖ ਆਏਗਾ। ਇਹ ਆਉਂਦੇ ਜਾਂਦੇ ਰਹਿੰਦੇ ਹਨ। ਕੋਈ ਵੀ ਸਥਾਈ ਨਹੀਂ। ਇਹ ਅਨੰਦ ਮਾਨਸਕ ਹੈ। ਮਨ ਦੇ ਬਦਲਣ ਨਾਲ, ਅਨੰਦ ਦਾ ਅਹਿਸਾਸ ਵੀ ਬਦਲ ਜਾਏਗਾ। ਇਸ ਮਸਤੀ ਵਿਚ ਉਤੇਜਨਾ ਹੈ ਜਿਹੜੀ ਛੇਤੀ ਹੀ ਉਤਰ ਜਾਏਗੀ ਤੇ ਮਨੁੱਖ ਫਿਰ ਦੁਖੀ ਹਾਲਤ ਵਿਚ ਪਹੁੰਚ ਜਾਏਗਾ। ਇਹ ਮਸਤੀ ਦੁਖ ਨੂੰ ਛੁਪਾਉਣ ਨਾਲ, ਜਾਂ ਸ਼ਰਾਬ ਦੇ ਨਸ਼ੇ ਥੱਲੇ ਦਬਾਉਣ ਨਾਲ, ਆਈ ਹੈ। ਇਸ ਲਈ ਛੇਤੀ ਹੀ ਚਲੀ ਜਾਏਗੀ। ਅਜੇਹੇ ਕੱਚੇ ਅਨੰਦ ਰਾਹੀਂ ਉਪਜੇ ਖੇਲ ਤਮਾਸ਼ੇ ਵੀ ਕਚਾ ਸੁਖ ਹੀ ਦੇਣਗੇ। ਇਸ ਵਿਚ ਗ਼ਜ਼ਲਾਂ ਹੋਣਗੀਆਂ, ਨਾਚ ਹੋਏਗਾ, ਉਤੇਜਨਾ ਵਾਲਾ ਭੋਜਨ ਹੋਏਗਾ, ਮਸਤ ਕਰਨ ਵਾਲਾ ਸੰਗ ਹੋਏਗਾ। ਗੁਰੂ ਜੀ ਇਸ ਪ੍ਰਕਾਰ ਦੇ ਨਾਦ, ਅਨੰਦ ਤੇ ਵਿਨੋਦ ਦੀ ਗੱਲ ਨਹੀਂ ਕਰ ਰਹੇ।

ਗੁਰੂ ਦੀ ਅਨਹਦ ਨਾਦ ਦੀ ਗੱਲ ਕਰ ਰਹੇ ਹਨ। ਇਹ ਨਾਦ ਬਾਹਰ ਨਹੀਂ, ਸੰਸਾਰਕ ਵਸਤੂਆਂ ਵਿਚ ਨਹੀਂ। ਇਹ ਨਾਦ ਅਸੀਂ ਲੈ ਕੇ ਹੀ ਜੰਮੇ ਹਾਂ। ਅਸੀਂ ਇਸ ਨਾਦ ਦੀ ਪਛਾਣ ਕਰਨੀ ਹੈ। ਇਹ ਸਿਮਰਨ ਰਾਹੀਂ ਮਿਲੇਗਾ, ਅੰਦਰ ਝਾਤੀ ਮਾਰਨ ਨਾਲ ਮਿਲੇਗਾ। ਇਸ ਨਾਦ ਦੇ ਅਨੁਭਵ ਬਾਅਦ ਜਿਹੜਾ ਅਹਿਸਾਸ ਹੋਏਗਾ ਉਹ ਹੀ ਸੱਚਾ ਅਨੰਦ ਹੋਏਗਾ। ਇਹ ਆਤਮਕ ਅਨੰਦ ਹੋਏਗਾ, ਮਾਨਸਕ ਨਹੀਂ। ਇਹ ਅਨੰਦ ਸੁਖ-ਦੁਖ ਤੋਂ ਪਰ੍ਹੇ ਦੀ ਅਵਸਥਾ ਹੋਏਗੀ। ਇਹ ਸਹਜ ਹੋਏਗਾ। ਗੁਰਵਾਕ ਹੈ—

— ਅਨਹਦੁ ਵਾਜੈ ਸਹਜਿ ਸੁਹੇਲਾ। ਸਬਦਿ ਅਨੰਦ ਕਰੇ ਸਦ ਕੇਲਾ॥
(ਪੰਨਾ ੯੭)

ਸੰਸਾਰਕ ਘਟਨਾਵਾਂ ਇਸ ਅਨੰਦ-ਮਈ ਅਵਸਥਾ ਨੂੰ ਪ੍ਰਭਾਵਤ ਨਹੀਂ ਕਰ ਸਕਣਗੀਆਂ। ਇਹ ਮਸਤੀ ਆ ਕੇ ਜਾਂਦੀ ਨਹੀਂ। ਇਹ ਮਸਤੀ ਸਦੀਵੀ ਹੈ। ਇਸ ਮਸਤੀ ਵਿਚ ਦੁਖ ਵੀ ਉੱਨਾ ਹੀ ਮਿੱਠਾ ਹੈ ਜਿੰਨਾ ਸੁਖ। ਇਸ ਅਨੰਦ ਵਿਚ ਦੁਖ-ਸੁਖ ਸਮਾਨ ਲਗਦੇ ਹਨ। ਇਸ ਅਨੰਦ ਦੇ ਅਨੁਭਵ ਬਾਅਦ ਦੁਖ ਤੋਂ ਡਰ



Digitized by Panjab Digital Library | www.panjabdigilib.org

ਨਹੀਂ ਲਗਦਾ ਤੇ ਸੁਖ ਨਾਲ ਸਨੇਹ ਨਹੀਂ ਰਹਿੰਦਾ । ਇਸ ਅਨੰਦ ਨੂੰ ਮਾਨਣ ਲਈ ਬਾਰ-ਬਾਰ ਸ਼ਰਾਬ ਦੀ ਵਰਤੋਂ ਨਹੀਂ ਕਰਨੀ ਪੈਂਦੀ । ਇਕੋ ਵਾਰੀ ਪੀਤੀ ਜਾਂਦੀ ਹੈ ਤੇ ਨਸ਼ਾ ਜੀਵਨ ਭਰ ਰਹਿੰਦਾ ਹੈ । ਇਹ ਅਨੰਦ ਸੱਚੇ ਗਿਆਨ ਰਾਹੀਂ ਪ੍ਰਾਪਤ ਹੁੰਦਾ ਹੈ । ਇਹ ਅਨੰਦ ਅਗਿਆਨ ਦੀ ਉਪਜ ਨਹੀਂ । ਇਹ ਅਨੰਦ ਬਾਹਰਲੀਆਂ ਵਸਤੂਆਂ ਰਾਹੀਂ ਥੋਪਿਆ ਨਹੀਂ ਗਿਆ । ਇਹ ਸਾਡੇ ਅੰਦਰੋਂ ਉਭਰਿਆ ਹੈ । ਅਸਲ ਵਿਚ ਅਨੰਦ ਸਾਡਾ ਆਪਣਾ ਜੋਤ ਸਰੂਪ ਹੈ । ਗੁਰਵਾਕ ਹੈ—

— ਸਹਜ ਗੁਫਾ ਮਹਿ ਆਸਣੁ ਬਾਧਿਆ ॥
ਜੋਤਿ ਸਰੂਪ ਅਨਾਹਦੁ ਵਾਜਿਆ ॥

(ਪੰਨਾ ੩੭੦)

— ਸਰਬ ਥਾਨ ਕੋ ਰਾਜਾ । ਤਹਿ ਅਨਹਦ ਸਬਦ ਅਗਾਜਾ ॥

(ਪੰਨਾ ੬੨੧)

— ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥
ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥

(ਪੰਨਾ ੧੦੩੪)

ਇਸ ਅਨੰਦ ਦੀ ਪ੍ਰਾਪਤੀ ਬਾਅਦ, ਮਨੁੱਖ ਦਾ ਹਰ ਕਰਮ ਇਕ ਖੇਲ ਹੋ ਜਾਂਦਾ ਹੈ ਕਿਉਂਕਿ ਉਸ ਨੂੰ ਹਰ ਕਰਮ ਵਿਚ ਕਰਤੇ ਦਾ ਹੱਥ ਦਿਸਣ ਲਗਦਾ ਹੈ । ਪ੍ਰਭੂ ਦੀ ਖੇਡ ਵਿਚ ਉਹ ਵੀ ਸ਼ਰੀਕ ਹੋ ਜਾਂਦਾ ਹੈ ਤੇ ਉਸ ਵਾਂਗ ਮਨੁੱਖ ਆਪ ਵੀ ਅਨੰਦ ਬਿਨੋਦ ਮਾਣਦਾ ਹੈ । ਗੁਰਵਾਕ ਹੈ—

— ਅਨੰਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥

(ਪੰਨਾ ੧੦੨)

— ਅਨੰਦ ਬਿਨੋਦ ਭੇਏ ਨਿਤ ਸਖੀਏ ਮੰਗਲ ਸਦਾ ਹਮਾਰੈ ਰਾਮ ॥

(ਪੰਨਾ ੭੮੨)

ਪਰ ਅਨੰਦ ਦੀਆਂ ਗੱਲਾਂ ਕਰਨ ਨਾਲ ਤਾਂ ਅਨੰਦ ਪ੍ਰਾਪਤ ਨਹੀਂ ਹੋਏਗਾ ।



Digitized by Panjab Digital Library | www.panjabdigilib.org

ਗਿਆਨ ਖੰਡ ਬਾਰੇ ਗਿਆਨ ਗੋਸ਼ਟੀ ਸੁਨਣ ਨਾਲ ਤਾਂ ਕੋਈ ਰਸ ਨਹੀਂ ਆਏਗਾ—

— ਗਿਆਨੁ ਗਿਆਨੁ ਕਥੈ ਸਭੁ ਕੋਈ ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥
ਕਥਿ ਕਹਣੈ ਤੇ ਰਹੈ ਨ ਕੋਈ । ਬਿਨੁ ਰਸ ਰਾਤੇ ਮੁਕਤਿ ਨ ਹੋਈ ॥
(ਪੰਨਾ ੮੩੧)

ਇਸੇ ਲਈ ਗੁਰੂ ਜੀ ਕਹਿੰਦੇ ਹਨ "ਸਰਮ ਕਰੋ" ।

## ਸਰਮ ਖੰਡ ਕੀ ਬਾਣੀ ਰੂਪੁ ॥

'ਸਰਮ' ਦਾ ਕੀ ਅਰਥ ਹੈ ? ਕਈ 'ਸਰਮ' ਦਾ ਅਰਥ "ਸ਼ਰਮ, ਲੱਜਾ, ਹਿਯਾ, ਨਮੋਸ਼ੀ" ਕਰਦੇ ਹਨ । ਯਾਨੀ ਇਹ ਗਿਆਨ ਮਿਲਣ ਬਾਅਦ ਕਿ ਸਾਰੇ ਬ੍ਰਹਮੰਡ ਦੇ ਜੀਅ-ਜੰਤ ਆਪਣੇ ਆਪਣੇ ਧਰਮ ਨੂੰ ਪਾਲ ਰਹੇ ਹਨ, ਮਨੁੱਖ ਨੂੰ ਬੜੀ ਸ਼ਰਮ ਆਉਂਦੀ ਹੈ ਕਿ ਇਕ ਉਹੀ ਆਪਣਾ ਧਰਮ ਨਹੀਂ ਪਾਲ ਰਿਹਾ । ਕਈ 'ਸਰਮ' ਦਾ ਅਰਥ "ਵਿਸਮਾਦ, ਅਚਰਜ, ਹੈਰਾਨੀ" ਕਰਦੇ ਹਨ । ਯਾਨੀ ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਮਨੁੱਖ ਨੂੰ ਛੱਡ ਕੇ ਸਾਰੇ ਬ੍ਰਹਮੰਡ ਦੇ ਪ੍ਰਾਣੀ ਆਪਣੇ ਧਰਮ ਦੀ ਕਮਾਈ ਵਿਚ ਲੱਗੇ ਹੋਏ ਹਨ । ਇਹ ਅਰਥ ਵੀ ਠੀਕ ਹੈ ਪਰ ਸੀਮਤ ਹੈ । ਗਿਆਨ ਖੰਡ ਦੇ ਜਾਨਣ ਬਾਅਦ, ਸ਼ਰਮ ਵੀ ਆਉਂਦੀ ਹੈ ਤੇ ਵਿਸਮਾਦ ਵੀ ਹੁੰਦਾ ਹੈ । ਪਰ ਅੱਗੇ ਲਈ ਕੁਝ ਪ੍ਰੇਰਨਾ ਨਹੀਂ ਮਿਲਦੀ, ਕੁਝ ਪੌਜ਼ਿਟਿਵ ਅਰਥ ਨਹੀਂ ਨਿਕਲਦੇ । ਹਿੰਦੀ ਵਿਚ 'ਸਰਮ' ਦਾ ਸਿੱਧਾ ਤੇ ਸਾਫ ਅਰਥ ਹੈ "ਸਰਮ ਕਰਨਾ, ਮਿਹਨਤ ਕਰਨੀ, ਉੱਦਮ ਕਰਨਾ ।" ਗੁਰੂ ਜੀ ਕਹਿੰਦੇ ਹਨ ਕਾਫੀ ਗੱਲਾਂ ਹੋ ਚੁਕੀਆਂ ਹਨ ਪਰ "ਗਿਆਨ ਨਾ ਗਲੀਏ ਢੂੰਢੀਐ" । ਕੁਝ ਕਰੋ ।

ਹੁਣ ਸਾਨੂੰ ਘਬਰਾਹਟ ਹੁੰਦੀ ਹੈ । ਗੱਲਾਂ ਸੁਨਣੀਆਂ, ਉਪਦੇਸ਼ ਸੁਣਨੇ, ਆਸਾਨ ਹਨ । ਇਸ ਨਾਲ ਸਾਡਾ ਕੀ ਜਾਂਦਾ ਹੈ । ਪਰ ਕਰਨਾ ਤਾਂ ਬੜਾ ਕਰੜਾ ਕੰਮ ਹੈ । ਸੋ ਬਹੁਤੇ ਲੋਕੀਂ ਕੰਨ ਕਤਰਾ ਜਾਂਦੇ ਹਨ । ਲੋਕੀਂ ਰੱਬ ਕੋਲੋਂ ਦੂਰ ਦੂਰ ਰਹਿੰਦੇ ਹਨ । ਸਮਾਂ ਪਾ ਕੇ ਇਕ "ਗੁਰੂ" ਉਠਦਾ ਹੈ ਜਿਹੜਾ ਮਨੁੱਖ ਨੂੰ ਇਸ ਦੁਬਿਦਾ (ਰੱਬ ਨੂੰ ਮੰਨਣਾ ਪਰ ਉਸ ਨੂੰ ਪਾਉਣ ਲਈ ਸਰਮ ਨ ਕਰਨਾ) ਤੋਂ ਪਾਰ ਲੈ ਜਾਂਦਾ



Digitized by Panjab Digital Library | www.panjabdigilib.org

ਹੈ। ਉਸ ਗੁਰੂ ਦਾ ਨਾਂ ਹੈ "ਕਾਰਲ ਮਾਰਕਸ" (Karl Marx), ਉਸ ਦੇ ਧਰਮ ਗ੍ਰੰਥ ਦਾ ਨਾਂ ਹੈ "ਦਾਸ ਕੈਪੀਟਲ" ਤੇ ਉਸ ਦੇ ਧਰਮ ਦਾ ਨਾਂ ਹੈ ਕਮਯੂਨਿਜ਼ਮ (Communism)। ਉਹ ਕਹਿੰਦਾ ਹੈ ਕਿ ਰੱਬ ਦੀ ਲੋੜ ਨਹੀਂ, ਰੱਬ ਹੈ ਨਹੀਂ। ਇਸ ਲਈ ਧਰਮ ਕਮਾਉਣ ਦਾ ਸਵਾਲ ਹੀ ਨਹੀਂ। ਤੁਸੀਂ ਰੱਬ ਕੋਲੋਂ ਕੀ ਚਾਹੁੰਦੇ ਹੋ ? ਜੋ ਚਾਹੁੰਦੇ ਹੋ, ਮੈਂ ਤੁਹਾਨੂੰ ਮੁਫਤ ਦੇਵਾਂਗਾ। ਮੇਰੇ ਝੰਡੇ ਥੱਲੇ ਆਉ, ਮੈਂ ਤੁਹਾਨੂੰ ਮੁਫਤ ਰੋਟੀ ਦੇਵਾਂਗਾ, ਰੁਜ਼ਗਾਰ ਦੇਵਾਂਗਾ, ਕੰਮ-ਕਾਜ ਤੇ ਲਾਵਾਂਗਾ, ਰਹਿਣ ਲਈ ਮੁਫਤ ਘਰ ਦੇਵਾਂਗਾ, ਬੀਮਾਰ ਹੋਣ ਤੇ ਮੁਫਤ ਦਵਾ-ਦਾਰੂ ਕਰਾਂਗਾ, ਮੁਫਤ ਪੜ੍ਹਾਵਾਂਗਾ। ਬਸ ਮੇਰੀ ਸ਼ਰਨ ਆਉ। ਲੋਕੀਂ ਬੜੇ ਪ੍ਰਭਾਵਤ ਹੋਏ। ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਮਸੀਹਾ ਮਿਲ ਗਿਆ। ਹੋਰ ਕੋਈ ਧਰਮ ਜਾਂ ਧਰਮ-ਗੁਰੂ ਇਸ ਤਰ੍ਹਾਂ ਦਾ ਭਰੋਸਾ ਨਹੀਂ ਦੁਆਉਂਦਾ। ਦੁਨੀਆਂ ਦੀ ਅੱਧੀ ਆਬਾਦੀ ਨੇ ਇਹ ਨਵਾਂ ਧਰਮ ਅਪਨਾ ਲਿਆ। ਦੁਨੀਆਂ ਦੀ ੩੫੦ ਕਰੋੜ ਦੀ ਆਬਾਦੀ ਦਾ ਅੱਧਾ ਹਿੱਸਾ ਇਸ ਨਵੇਂ ਧਰਮ ਵਿਚ ਸ਼ਾਮਲ ਹੋ ਗਿਆ (ਹੁਣ ਇਹ ਗੁਰੂ ਫੇਲ ਹੋ ਗਿਆ ਹੈ ਕਿਉਂਕਿ ਇਹ ਆਪਣੇ ਵਾਅਦੇ ਪੂਰੇ ਨਹੀਂ ਕਰ ਸਕਿਆ)।

ਬਾਕੀ ਅੱਧੀ ਆਬਾਦੀ ਉਨ੍ਹਾਂ ਲੋਕਾਂ ਦੀ ਬਚੀ ਜਿਹੜੇ ਰੱਬ ਕੋਲੋਂ ਮੁਨਕਰ ਹੋਣ ਦੀ ਹਿੰਮਤ ਨਹੀਂ ਰਖਦੇ ਸਨ। ਉਨ੍ਹਾਂ ਨੇ ਆਪਣੇ ਮੂੰਹ ਤੇ ਧਾਰਮਕ ਹੋਣ ਦੇ ਮਖੌਟੇ ਚੜ੍ਹਾ ਲਏ ਤੇ ਅੰਦਰੋਂ ਅਧਰਮੀ ਹੀ ਰਹੇ। ਲੋਕੀਂ ਬਾਹਰੋਂ ਧਰਮੀ ਬਣੇ ਰਹੇ ਤੇ ਅੰਦਰੋਂ ਅਧਰਮ ਦੀ ਅੱਗ ਵਿਚ ਸੜਦੇ ਰਹੇ, ਤ੍ਰਿਸ਼ਨਾ ਵਿਚ ਤੜਪਦੇ ਰਹੇ ਤੇ ਅਗਿਆਨ ਦੇ ਸ਼ਿਕਾਰ ਬਣੇ ਰਹੇ। ਗਿਆਨੀਆਂ ਤੇ ਧਿਆਨੀਆਂ ਨੇ ਧਰਮ ਦੇ ਨਾਂ ਤੇ ਨਚਣਾ, ਵਜਾਣਾ, ਟਪਣਾ ਸ਼ੁਰੂ ਕਰ ਦਿੱਤਾ। ਧਰਮ ਕਮਾਉਣਾ ਛੱਡ ਕੇ ਧਰਮ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਪੰਡਿਤਾਂ ਨੇ ਧਰਮ ਇਕੱਠਾ ਕਰਨ ਦੀ ਥਾਂ ਧਰਮ ਪੋਥੀਆਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ, ਜਤੀ ਸਦਾਣ ਵਾਲਿਆਂ ਨੂੰ ਪ੍ਰਭੂ ਪ੍ਰਾਪਤੀ ਦੀ ਜੁਗਤ ਨਹੀਂ ਲੱਭੀ ਤੇ ਉਨ੍ਹਾਂ ਨੇ ਸੰਸਾਰ ਛੱਡਣ ਨੂੰ ਹੀ ਧਰਮ ਕਮਾਉਣਾ ਸਮਝ ਲਿਆ। ਇਸੀ ਹਾਲਤ ਬਾਰੇ ਅਸੀਂ ਆਸਾ ਦੀ ਵਾਰ ਵਿਚ ਰੋਜ਼ ਪੜ੍ਹਦੇ ਹਾਂ—

— ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥



Digitized by Panjab Digital Library | www.panjabdigilib.org

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥
ਧਰਮੀ ਧਰਮੁ ਕਰਹਿ ਗਾਵਵਾਹਿ ਮੰਗਹਿ ਮੋਖ ਦੁਆਰੁ ॥

(ਪੰਨਾ ੪੬੯)

ਵਕਤ ਦੇ ਪੰਡਤਾਂ ਦਾ ਜ਼ਿਕਰ ਕਰਦੇ ਹੋਏ ਗੁਰੂ ਜੀ ਨੇ ਕਿਹਾ ਕਿ ਇਨ੍ਹਾਂ ਦਾ ਧਰਮ ਕਰਮ ਸਿਰਫ ਉੱਪਰ ਉੱਪਰ ਦਾ ਹੀ ਰਹਿ ਗਿਆ ਹੈ। ਇਨ੍ਹਾਂ ਨੇ ਗਲੇ ਮਾਲਾ ਪਾ ਲਈ ਹੈ, ਮਥੇ ਤਿਲਕ ਲਾ ਲਿਆ ਹੈ, ਦੋ ਧੋਤੀਆਂ (ਇਕ ਤੇੜ ਤੇ ਇਕ ਥੱਲੇ) ਪਾ ਲਈਆਂ ਹਨ ਤੇ ਸਿਰ ਤੇ ਕੱਪੜਾ ਰੱਖ ਲਿਆ ਹੈ (ਪੂਜਾ ਸਮੇਂ)। ਧਰਮੀ ਹੋਣ ਦਾ ਪੂਰਾ ਭੇਖ ਧਾਰ ਲਿਆ ਹੈ। ਪਰ ਅੰਦਰੋਂ ਇਹ ਨਹੀਂ ਬਦਲੇ। ਇਨ੍ਹਾਂ ਨੇ ਬ੍ਰਾਹਮਣਾਂ ਦੇ ਕਰਮਾਂ ਨੂੰ ਨਹੀਂ ਕੀਤਾ, ਸਿਰਫ ਫੋਕੇ ਕਰਮ ਕਾਂਡ ਹੀ ਕੀਤੇ ਹਨ। ਗੁਰਵਾਕ ਹੈ—

— ਗਲਿ ਮਾਲਾ ਤਿਲਕ ਲਿਲਾਟੰ। ਦੁਇ ਧੋਤੀ ਬਸਤ੍ਰ ਕਪਾਟੰ ॥
ਜੋ ਜਾਨਸਿ ਬ੍ਰਹਮੰ ਕਰਮੰ। ਸਭ ਫੋਕਟ ਨਿਸਚੈ ਕਰਮੰ ॥

(ਪੰਨਾ ੧੩੫੩)

ਕਈਆਂ ਤੇ ਪਾਠ ਪੜ੍ਹਨ-ਸੁਨਣ ਦੀ ਆੜ ਲੈ ਲਈ। ਪਾਠ ਸੁਨਣ-ਪੜ੍ਹਨ ਨੂੰ ਹੀ ਜੀਵਨ ਜਾਚ ਮਿਥ ਲਈ। ਜੋ ਪਾਠ ਵਿਚ ਦਰਸਾਇਆ ਗਿਆ, ਉਸ ਨੂੰ ਨਹੀਂ ਅਪਨਾਇਆ। ਅਸਲ ਵਿਚ ਪਾਠ ਕਰੀਦਾ ਹੈ ਗੁਰਬਾਣੀ ਨੂੰ ਮਨ ਵਿਚ ਵਸਾਉਣ ਲਈ। ਗੁਰਵਾਕ ਹੈ—

— ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥

(ਪੰਨਾ ੬੮)

— ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥

(ਪੰਨਾ ੬੮)



Digitized by Panjab Digital Library | www.panjabdigilib.org

— ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥

(ਪੰਨਾ ੬੮)

— ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥

(ਪੰਨਾ ੪੬੭)

ਇਨ੍ਹਾਂ ਨੇ ਨਾ ਆਪਣੀ ਹਉਮੈ ਮਾਰੀ ਨਾ ਸਹਜ ਸੁਭਾ ਪਛਾਣਿਆ ।

ਇਨ੍ਹਾਂ ਪਾਖੰਡੀਆਂ ਨੇ ਆਪਣੀ ਬਾਹਰਲੀ ਕਿਰਿਆ ਜਾਰੀ ਰੱਖੀ, ਗੁਰਦੁਆਰੇ ਜਾਂਦੇ ਰਹੇ, ਨਿਤਨੇਮ ਕਰਦੇ ਰਹੇ, ਕਥਾ ਕੀਰਤਨ ਸ਼ਬਦ ਕਰਦੇ ਰਹੇ, ਪਰ ਸਭ ਉੱਪਰੋਂ ਉੱਪਰੋਂ । ਉਹ ਅੰਦਰੋਂ ਨ ਬਦਲਣਾ ਚਾਹੁੰਦੇ ਸਨ ਤੇ ਨ ਬਦਲੇ । ਉਹ ਕੀਰਤਨ ਵੀ ਸੁਣਦੇ ਰਹੇ ਤੇ ਕਾਮ ਵੀ ਕਰਦੇ ਰਹੇ, ਉਹ ਕਥਾ ਵੀ ਸੁਣਦੇ ਰਹੇ ਤੇ ਕਰੋਧ ਵੀ ਕਰਦੇ ਰਹੇ । ਇਕ ਕੰਨੋਂ ਗੁਰਬਾਣੀ ਸੁਣਦੇ ਰਹੇ ਤੇ ਦੂਸਰੇ ਕੰਨੋਂ ਬਾਹਰ ਕੱਢਦੇ ਰਹੇ । ਉਹ ਧਾਰਮਕ ਲਗਦੇ ਹਨ ਕਿਉਂਕਿ ਗੁਰਬਾਣੀ ਸੁਣਦੇ ਹਨ, ਪਰ ਧਾਰਮਕ ਬਣੇ ਨਹੀਂ ਕਿਉਂਕਿ ਉਨ੍ਹਾਂ ਨੇ ਗੁਰਬਾਣੀ ਨੂੰ ਆਪਣੀ ਜੀਵਨ-ਜਾਚ ਨਹੀਂ ਬਣਾਇਆ । ਆਪਣੇ ਆਪ ਨੂੰ ਨਹੀਂ ਬਦਲਿਆ ।

ਬਦਲਣ ਲਈ ਹਿੰਮਤ ਚਾਹੀਦੀ ਹੈ । ਗੁਰੂ ਦੀ ਆਗਿਆ ਮੰਨਣ ਦਾ ਹੌਸਲਾ ਚਾਹੀਦਾ ਹੈ । ਪਰ ਸਾਡੇ ਕੋਲ ਹੌਂਸਲਾ ਨਹੀਂ, ਹਿੰਮਤ ਨਹੀਂ । ਕਈ ਆਪਣੀ ਸਾਬਤ ਸਬੂਤ ਦਾੜ੍ਹੀ ਹੀ ਨਹੀਂ ਸੰਭਾਲ ਸਕਦੇ । ਕਾਰਣ ਭਾਵੇਂ "ਲੋਕੀਂ ਕੀ ਕਹਿਣਗੇ" ਦਾ ਡਰ ਹੋਏ ਭਾਵੇਂ ਜਾਤੀ ਸੁਵਿਧਾ, ਪਰ ਗੁਰੂ ਦੇ ਹੁਕਮ ਦੀ ਉਲੰਘਣਾ ਤਾਂ ਹੋ ਹੀ ਜਾਂਦੀ ਹੈ । ਤੇ ਜਿਹੜਾ ਲੋਕ-ਰਾਏ ਦੇ ਡਰੋਂ ਗੁਰੂ ਦੇ ਹੁਕਮ ਦੀ ਪਾਲਨਾ ਵਿਚ ਆਨਾ ਕਾਨੀ ਕਰਦਾ ਹੈ ਉਸ ਕੋਲੋਂ ਹੋਰ ਕੀ ਉਮੀਦ ਹੋ ਸਕਦੀ ਹੈ । ਜਿਹੜਾ ਗੁਰੂ ਦੀ ਦੱਸੀ ਕਿਰਪਾਨ ਪਾਉਣੋਂ ਝਿਜਕ ਜਾਏ ਉਹ ਹੋਰ ਕੀ ਕਰੇਗਾ । ਜਿਹੜਾ ਦਾੜ੍ਹੀ ਦੀ ਸੰਭਾਲ ਨਹੀਂ ਕਰ ਸਕਦਾ, ਕਿਰਪਾਨ ਦਾ ਧਾਰਨੀ ਨਹੀਂ ਹੋ ਸਕਦਾ, ਉਸ ਕੋਲੋਂ ਹੁਕਮ ਪਾਲਣ ਦੀ ਕਿੰਨੀ ਕੁ ਆਸ ਹੋ ਸਕਦੀ ਹੈ । ਸਵਾਲ ਕਕਾਰਾਂ ਦੇ



Digitized by Panjab Digital Library | www.panjabdigilib.org

ਕਿਉਂਕਿ ਗੁਰੂ ਜੀ ਨੇ ਸ਼ਬਦ "ਘੜਣਾ" ਵਰਤਿਆ ਹੈ। ਮਨ ਨੂੰ ਕਟਣਾ-ਵਢਣਾ ਨਹੀਂ ਹੈ ਕਿਉਂਕਿ ਇਸ ਤਰ੍ਹਾਂ ਅਸੀਂ ਮਨ ਦਾ ਨੁਕਸਾਨ ਕਰ ਲਵਾਂਗੇ। ਮਨ ਨੂੰ ਹੌਲੀ-ਹੌਲੀ ਪਿਆਰ ਨਾਲ ਸਮਝਾਉਣਾ ਹੈ ਤੇ ਸਮਝਣਾ ਹੈ। ਜਿਵੇਂ ਕਿਸੇ ਪੁਰਾਣੀ ਮੂਰਤੀ (Antique) ਨੂੰ ਜਿਹੜੀ ਜ਼ਮੀਨ ਵਿਚੋਂ ਦੱਬੀ ਲਭੀ ਹੋਵੇ, ਬੜੇ ਧਿਆਨ ਨਾਲ ਹੌਲੀ-ਹੌਲੀ ਧੋ ਪੂੰਝ ਕੇ ਸਾਫ ਕਰੀਦਾ ਹੈ, ਛੋਟੇ-ਛੋਟੇ ਬੁਰਸ਼ਾਂ ਤੇ ਨਰਮ ਕਪੜੇ ਨਾਲ ਸਾਫ ਕਰੀਦਾ ਹੈ, ਇਵੇਂ ਹੀ ਮਨ ਨੂੰ ਬੜੇ ਪਿਆਰ ਤੇ ਸੂਝ-ਬੂਝ ਨਾਲ ਸਾਫ ਕਰੀਦਾ ਹੈ। ਮਨ ਦੀ ਮੈਲ ਨੂੰ ਬੜੀ ਸਾਵਧਾਨੀ ਨਾਲ ਲਾਹਿਆ ਜਾਂਦਾ ਹੈ। ਮਨ ਉੱਤੇ ਸੁਨਿਆਰ ਦੀ ਟਕ-ਟਕ ਕਰਨੀ ਪੈਂਦੀ ਹੈ, ਲੁਹਾਰ ਦੀ ਕਟ-ਕਟ ਨਹੀਂ। ਸਾਵਧਾਨੀ ਨਾਲ ਸਫ਼ਾਈ ਕਰਨੀ ਪੈਂਦੀ ਹੈ ਤਾਂਕਿ ਅੰਦਰ ਛੁਪੀ ਮੂਰਤੀ (ਆਤਮਾ) ਨੂੰ ਸੱਟ ਨਾ ਲੱਗ ਜਾਏ।

ਕਹਿੰਦੇ ਹਨ ਕਿ ਕਿਸੇ ਮੂਰਤੀਕਾਰ ਨੂੰ ਕਿਸੇ ਨੇ ਕਿਹਾ ਕਿ ਤੂੰ ਬੜੀ ਸੁੰਦਰ ਮੂਰਤੀ ਬਣਾਈ ਹੈ। ਉਸ ਕਿਹਾ ਕਿ ਸੁੰਦਰ ਮੂਰਤੀ ਤਾਂ ਪੱਥਰ ਅੰਦਰ ਲੁਕੀ ਹੀ ਪਈ ਸੀ। ਮੈਂ ਤਾਂ ਸਿਰਫ ਫਾਲਤੂ ਪੱਥਰ ਛਾਂਗ ਛੱਡਿਆ ਹੈ ਤੇ ਅੰਦਰੋਂ ਲੁਕੀ ਮੂਰਤ ਉੱਭਰ ਕੇ ਬਾਹਰ ਆ ਗਈ ਹੈ। ਸਾਡੇ ਅੰਦਰ ਵੀ ਵਾਹਿਗੁਰੂ ਦੀ ਮੂਰਤ (ਅਕਾਲ ਮੂਰਤ) ਲੁਕੀ ਪਈ ਹੈ। ਅਸੀਂ ਸਿਰਫ ਘੜ-ਘੜ ਕੇ ਉਸ ਲੁਕੀ ਮੂਰਤ ਨੂੰ ਪ੍ਰਗਟ ਕਰਨਾ ਹੈ। ਇਹ ਆਤਮਕ ਮੂਰਤ ਜਦੋਂ ਸਾਫ ਦਿਸਣ ਲੱਗੇਗੀ ਤਾਂ ਉਸ ਦਾ ਲਿਸ਼ਕਾਰਾ ਸਾਡੇ ਸਰੀਰ ਵਿਚੋਂ ਵੀ ਝਲਕਣ ਲਗ ਪਏਗਾ। ਫਿਰ ਸਾਡੀ ਚਾਲ ਵਿਚ ਅਨੋਖੀ ਮਸਤੀ ਆ ਜਾਏਗੀ, ਸਾਡੀਆਂ ਅੱਖਾਂ ਵਿਚ ਸੱਚਾ ਪਿਆਰ ਝਲਕਣ ਲਗ ਪਏਗਾ, ਸਾਡੇ ਬੋਲਾਂ ਵਿਚ ਗੂੜ੍ਹੀ ਮਿਠਾਸ ਆ ਜਾਏਗੀ, ਸਾਡੀ ਛੋਹ ਵਿਚੋਂ ਪਰਮ-ਸ਼ਾਂਤੀ ਤੇ ਕਰੁਣਾ ਨਿਕਲੇਗੀ। ਸਾਡੇ ਕੋਲ ਸਦਾ ਆਨੰਦ ਮੰਗਲ ਹੀ ਰਹੇਗਾ ਕਿਉਂਕਿ—

— ਰੂਪਵੰਤੁ ਹੋਇ ਨਾਹੀ ਮੋਹੈ।  
ਪ੍ਰਭ ਕੀ ਜੋਤਿ ਸਗਲ ਘਟ ਸੋਹੈ॥

(ਪੰਨਾ ੨੮੨)



Digitized by Panjab Digital Library | www.panjabdigilib.org

— ਅਨੰਦ ਰੂਪ ਮੰਗਲ ਸਦ ਜਾ ਕੈ ।
ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥

(ਪੰਨਾ ੨੮੪)

ਇਹ ਰੂਪ ਫੈਲ ਕੇ ਸਾਰੇ ਸਰੀਰ ਨੂੰ ਢੱਕ ਲੈਂਦਾ ਹੈ, ਹੋਰ ਫੈਲ ਕੇ ਸਾਡੇ ਤੋਂ ਬਾਹਰ ਚਲਾ ਜਾਂਦਾ ਹੈ ਤੇ ਨੇੜੇ ਬੈਠਿਆਂ-ਲੰਘਦਿਆਂ ਨੂੰ ਪ੍ਰਭਾਵਤ ਕਰਦਾ ਹੈ। ਇਹ ਰੂਪ ਐਨਾ ਵੀ ਫ਼ੈਲ ਸਕਦਾ ਹੈ ਕਿ ਸਾਰੀ ਧਰਤੀ ਨੂੰ ਘੇਰ ਲਏ। ਇਹ ਰੂਪ ਅਨੂਪ ਹੈ, ਇਸ ਦੀ ਉਪਮਾ ਨਹੀਂ ਕੀਤੀ ਜਾ ਸਕਦੀ, ਇਸ ਰੂਪ ਨੂੰ ਕੋਈ ਤੁਲਨਾ ਕਰਕੇ ਨਹੀਂ ਸਮਝਾ ਸਕਦਾ।

**ਤਾ ਕੀਆ ਗਲਾ ਕਥੀਆ ਨ ਜਾਹਿ ॥**

ਜਿਨ੍ਹਾਂ ਨੇ ਆਪਣੇ ਮਨ ਨੂੰ ਘੜ ਕੇ ਆਪਣੀ ਆਤਮਾ ਨੂੰ ਰੂਪਮਾਨ ਕਰ ਲਿਆ ਹੈ, ਉਨ੍ਹਾਂ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਕਿਉਂ ਨਹੀਂ ਕਿਹਾ ਜਾ ਸਕਦਾ? ਕਿਸੇ ਦ੍ਰਿਸ਼ ਬਾਰੇ ਕਹਿਣ ਤੋਂ ਪਹਿਲਾਂ ਉਸ ਨੂੰ ਦੇਖਣਾ ਜ਼ਰੂਰੀ ਹੈ ਤੇ ਦਸਣ ਲਈ ਅੱਖਾਂ ਤੇ ਮਨ, ਦੋਹਾਂ ਦੀ ਲੋੜ ਰਹਿੰਦੀ ਹੈ। ਅੱਖਾਂ ਇਕ ਕੈਮਰੇ ਦੀ ਤਰ੍ਹਾਂ ਹਨ। ਜੇ ਕੈਮਰਾ ਠੀਕ ਨਾ ਹੋਏ ਤਾਂ ਦੇਖਿਆ ਨਹੀਂ ਜਾ ਸਕਦਾ ਜਾਂ ਠੀਕ ਤਰ੍ਹਾਂ ਨਹੀਂ ਦੇਖਿਆ ਜਾ ਸਕਦਾ, ਪਰ ਕੈਮਰੇ ਦੇ ਠੀਕ ਹੋਣ ਨਾਲ ਹੀ ਨਹੀਂ ਦੇਖਿਆ ਜਾਂਦਾ ਕਿਉਂਕਿ ਕੈਮਰੇ ਪਿੱਛੇ ਦੇਖਣ ਵਾਲਾ ਵੀ ਚਾਹੀਦਾ ਹੈ। ਹੁਣ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠੇ ਹਾਂ। ਸਾਰਿਆਂ ਨੇ ਮੱਥਾ ਟੇਕਿਆ ਹੈ। ਕੋਈ ਦਸ ਸਕਦਾ ਹੈ ਕਿ ਮਹਾਰਾਜ ਤੇ ਚੜ੍ਹੇ ਰੁਮਾਲੇ ਦਾ ਰੰਗ ਕੀ ਹੈ......ਨਹੀਂ ਦਸ ਸਕਦੇ। ਅੱਖਾਂ ਹਨ, ਅਸੀਂ ਦੇਖਿਆ ਹੈ, ਪਰ ਫਿਰ ਵੀ ਨਹੀਂ ਦੇਖਿਆ, ਕਿਉਂਕਿ ਅੱਖਾਂ ਪਿੱਛੇ ਦੇਖਣ ਵਾਲਾ ਮਨ ਦੇਖਣ ਦੇ ਕਰਮ ਵਿਚ ਨਹੀਂ ਜੁੜਿਆ ਹੋਇਆ। ਸੋ ਸਾਧਾਰਣ ਵਸਤੂ ਨੂੰ ਬਿਆਨਣ ਲਈ ਅੱਖਾਂ ਚਾਹੀਦੀਆਂ ਹਨ, ਅੱਖਾਂ ਨਾਲ ਮਨ ਜੁੜਿਆ ਹੋਣਾ ਚਾਹੀਦਾ ਹੈ ਤੇ ਸਾਡੇ ਬੋਲਣ ਵਾਲਾ ਜੰਤਰ ਠੀਕ ਹੋਣਾ ਚਾਹੀਦਾ ਹੈ।

ਫਿਰ ਵੀ ਇਹ ਢਾਂਚਾ ਅਧੂਰਾ ਹੈ। ਅਸੀਂ ਆਪਣੀਆਂ ਅੱਖਾਂ ਰਾਹੀਂ ਸਭ ਕੁਝ ਦੇਖ ਸਕਦੇ ਹਾਂ, ਪਰ ਆਪਣੀਆਂ ਅੱਖਾਂ ਨੂੰ ਨਹੀਂ ਦੇਖ ਸਕਦੇ, ਆਪਣੇ ਮੂੰਹ



Digitized by Panjab Digital Library | www.panjabdigilib.org

ਨੂੰ ਨਹੀਂ ਦੇਖ ਸਕਦੇ। ਦੇਖਣ ਵਾਲਾ ਆਪਣੇ ਆਪ ਨੂੰ ਨਹੀਂ ਦੇਖ ਸਕਦਾ। ਅਸੀਂ ਆਪਣੇ ਮੂੰਹ ਦਾ ਸਿਰਫ ਪਰਛਾਵਾਂ ਦੇਖ ਸਕਦੇ ਹਾਂ ਸ਼ੀਸ਼ੇ ਵਿਚ। ਕਿਸੇ ਨੇ ਵੀ ਹਾਲੀਂ ਤੱਕ ਆਪਣਾ ਮੂੰਹ ਨਹੀਂ ਦੇਖਿਆ। ਸਿਰਫ ਸ਼ੀਸ਼ੇ ਵਿਚ ਆਪਣੇ ਮੂੰਹ ਦਾ ਅਕਸ ਦੇਖਿਆ ਹੈ। ਤੇ ਕੋਈ ਸ਼ੀਸ਼ਾ ਐਨਾ ਪੂਰਨ ਨਹੀਂ ਕਿ ਸਾਡੇ ਮੂੰਹ ਨੂੰ ਹੂਬਹੂ ਪ੍ਰਗਟਾ ਸਕੇ। ਕੋਈ ਸ਼ੀਸ਼ਾ ਸੌ ਫੀਸਦੀ ਪਰਫੈਕਟ ਨਹੀਂ ਹੈ। ਅਸਲ ਤਾਂ ਦਿਸਦਾ ਨਹੀਂ, ਪਰਛਾਵਾਂ ਹੀ ਦਿਸਦਾ ਹੈ ਤੇ ਉਹ ਵੀ ਠੀਕ ਨਹੀਂ। ਇਹ ਮੁਸ਼ਕਲ ਹੈ ਵਸਤੂਆਂ ਦੇ ਬਿਆਨਣ ਸਬੰਧੀ।

ਆਤਮਾ ਬਾਰੇ ਦੱਸਣਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ ਕਿਉਂਕਿ ਇਹ ਮਨ ਤੇ ਇੰਦਰੀਆਂ ਤੋਂ ਪਰੇ ਦਾ ਅਨੁਭਵ ਹੈ। ਅਸਲ ਵਿਚ ਅਸੀਂ ਆਤਮਾ ਤੱਕ ਉਦੋਂ ਪਹੁੰਚਦੇ ਹਾਂ ਜਦੋਂ ਮਨ ਤੇ ਇੰਦਰੀਆਂ ਸ਼ਾਂਤ ਹੋ ਜਾਂਦੀਆਂ ਹਨ। ਜਦੋਂ ਅਸੀਂ ਮਨ ਦੇ ਪਾਰ ਚਲੇ ਜਾਂਦੇ ਹਾਂ, ਵਿਚਾਰਾਂ ਤੋਂ ਪਾਰ ਚਲੇ ਜਾਂਦੇ ਹਾਂ, ਉਦੋਂ ਉਸ ਪਾਰ ਦੀ ਖ਼ਬਰ ਮਿਲਦੀ ਹੈ, ਕੁਝ ਅਨੁਭਵ ਹੁੰਦਾ ਹੈ, ਪਰ ਜਦੋਂ ਉਹ ਅਨੁਭਵ ਹੁੰਦਾ ਹੈ ਤਾਂ ਉਸ ਵੇਲੇ ਮਨ ਤੇ ਇੰਦਰੀਆਂ ਮੌਜੂਦ ਨਹੀਂ ਹੁੰਦੇ। ਉਹ ਅਨੁਭਵ ਮਨ-ਅਤੀਤ ਹੈ। ਇਸ ਲਈ ਕਿਹਾ ਨਹੀਂ ਜਾ ਸਕਦਾ ਕਿਉਂਕਿ ਕਹਿਣ ਵਾਲਾ ਅਨੁਭਵ ਨੂੰ ਜਾਣਦਾ ਨਹੀਂ।

**ਜੇ ਕੋ ਕਹੈ ਪਿਛੈ ਪਛੁਤਾਇ॥**

ਕਹਿਣਾ ਇਸ ਲਈ ਮੁਸ਼ਕਿਲ ਬਲਕਿ ਨਾਮੁਮਕਿਨ ਹੋ ਜਾਂਦਾ ਹੈ ਕਿਉਂਕਿ ਕਹਿਣਾ ਮਨ-ਇੰਦਰੀ ਦਾ ਹਿੱਸਾ ਹੈ ਤੇ ਜੋ ਅਨੁਭਵ ਹੋਇਆ ਉਹ ਮਨ-ਇੰਦਰੀ ਨੇ ਅਨੁਭਵ ਨਹੀਂ ਕੀਤਾ। ਜੋ ਕਹਿਣਾ ਚਾਹੁੰਦਾ ਹੈ (ਮਨ) ਉਹ ਉਸ ਵੇਲੇ ਹਾਜ਼ਰ ਨਹੀਂ ਸੀ ਜਦੋਂ ਅਨੁਭਵ ਹੋਇਆ। ਇਸ ਲਈ ਇਸ ਕਹਿਣ ਵਾਲੇ (ਮਨ) ਨੂੰ ਕੁਝ ਪਤਾ ਨਹੀਂ ਕਿ ਕੀ ਅਨੁਭਵ ਹੋਇਆ। ਹੁਣ ਜੇ ਆਪਣੀ ਹਉਂ ਵਿਚ ਆ ਕੇ ਮਨੁੱਖ ਉਸ ਅਨੁਭਵ ਬਾਰੇ ਕੁਝ ਕਹੇਗਾ ਤਾਂ ਉਹ ਗਲਤ ਹੀ ਹੋਏਗਾ ਕਿਉਂਕਿ ਉਸ ਨੂੰ ਤਾਂ ਕੁਝ ਪਤਾ ਨਹੀਂ। ਇਸ ਗਲਤ ਬਿਆਨੀ ਕਰ ਕੇ ਮਨੁੱਖ ਪਛਤਾਉਂਦਾ ਹੈ। ਗੁਰੂਵਾਕ ਹੈ—

— ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ॥

(ਪੰਨਾ ੪੭੫)



Digitized by Panjab Digital Library | www.panjabdigilib.org

— ਨਾਨਕ ਅੰਤ ਨ ਜਾਪਨੀ ਹਰਿ ਤਾ ਕੇ ਪਾਰਾਵਾਰ ॥

(ਪੰਨਾ ੪੭੫)

— ਕਥਨਾ ਕਥੀ ਨ ਆਵੈ ਤੋਟਿ । ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥

(ਪੰਨਾ ੨)

— ਕਥਨੁ ਨ ਜਾਇ ਅਕਥੁ ਸੁਆਮੀ ਸਦਕੈ ਜਾਇ ਨਾਨਕੁ ਵਾਰਿਆ ॥

(ਪੰਨਾ ੮੧)

ਉਹ ਅਨੁਭਵ ਅਕਥ ਹੈ, ਕਥਨ ਤੋਂ ਪਰੇ ਹੈ । ਉਸ ਬਾਰੇ ਕਹਿ ਕੇ ਪਛਤਾਣਾ ਹੀ ਪੈਂਦਾ ਹੈ ।

**ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥**

ਮਨ ਤੇ ਪਈ ਮੈਲ, ਕਚਰੇ ਨੂੰ ਉਤਾਰਣ ਦੇ ਚਾਰ ਮੁਖ ਤਰੀਕੇ ਮੰਨੇ ਜਾਂਦੇ ਹਨ । ਉਹ ਹਨ—੧. ਧਿਆਨ (ਸੁਰਤਿ), ੨. ਸੇਵਾ (ਮਤਿ), ੩. ਭਗਤੀ (ਮਨਿ), ੪. ਗਿਆਨ (ਬੁਧਿ) । ਗਿਆਨ ਤੇ ਧਿਆਨ ਦੇ ਮਾਰਗ ਬੁਧੀ ਤੋਂ ਸ਼ੁਰੂ ਹੁੰਦੇ ਹਨ, ਪ੍ਰੇਮ ਤੇ ਸੇਵਾ ਦੇ ਹਿਰਦੇ ਤੋਂ । ਗਿਆਨ ਤੇ ਧਿਆਨ ਦੇ ਮਾਰਗ ਵਿਚ ਇਕੋ ਬਚਦਾ ਹੈ (ਆਤਮਾ ਜਾਂ ਪਰਮਾਤਮਾ), ਪ੍ਰੇਮ ਤੇ ਸੇਵਾ ਦੇ ਮਾਰਗ ਵਿਚ ਦੋਵੇਂ ਬਚਦੇ ਹਨ (ਭਗਤ ਵੀ ਤੇ ਭਗਵਾਨ ਵੀ) । ਇਨ੍ਹਾਂ ਚਾਰ ਮਾਰਗਾਂ ਵਿਚੋਂ ਅਸੀਂ ਕਿਸੇ ਇਕ ਤੇ ਚਲ ਕੇ ਸਿਖਰ ਤੱਕ ਅਪੜ ਸਕਦੇ ਹਾਂ । ਪਹਾੜ ਦੀ ਚੋਟੀ ਤਾਂ ਇਕੋ ਹੀ ਹੈ, ਪਰ ਉਸ ਤੇ ਚੜ੍ਹਨ ਲਈ ਚਾਰ ਮੁੱਖ ਮਾਰਗ ਹਨ । ਇਨ੍ਹਾਂ ਮਾਰਗਾਂ ਬਾਰੇ ਗੁਰਬਾਣੀ ਵਿਚ ਹੋਰ ਵੀ ਕਈ ਥਾਂ ਤੇ ਜ਼ਿਕਰ ਆਉਂਦਾ ਹੈ—

— ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥

(ਪੰਨਾ ੧੩੮)

— ਕਿਛਹੂ ਕਾਜੁ ਨ ਕੀਓ ਜਾਨਿ ।
ਸੁਰਤਿ ਮਤਿ ਨਾਹੀ ਕਿਛੁ ਗਿਆਨਿ ॥
ਜਾਪ ਤਾਪ ਸੀਲ ਨਹੀ ਧਰਮ । ਕਿਛੂ ਨ ਜਾਨਉ ਕੈਸਾ ਕਰਮ ॥

(ਪੰਨਾ ੮੯੪)



Digitized by Panjab Digital Library | www.panjabdigilib.org

ਮਾਰਗ ਇਹ ਚਾਰ ਹੀ ਨਹੀਂ, ਹੋਰ ਵੀ ਹਨ, ਬਹੁਤ ਹਨ। ਤੁਹਾਡੀ ਮਰਜ਼ੀ ਤੁਸੀਂ ਕੋਈ ਵੀ ਰਾਹ ਚੁਣ ਲਉ। ਚਾਰ ਮਾਰਗ ਬਣੇ ਹੋਏ ਹਨ, ਗਾਡੀ ਰਾਹ ਹਨ, ਹਾਈਵੇ (Highway) ਹਨ। ਇਨ੍ਹਾਂ ਉਪਰ ਕਈ ਚਲ ਚੁੱਕੇ ਹਨ। ਇਸ ਲਈ ਇਹ ਰਾਹ ਸਾਫ਼, ਸੁਖਾਲਾ ਤੇ ਖੁਲ੍ਹਾ ਹੋ ਗਿਆ ਹੈ, ਪਰ ਪਹਾੜ ਤੇ ਕਈ ਰਾਹਾਂ ਰਾਹੀਂ ਚੜ੍ਹਿਆ ਜਾ ਸਕੀਦਾ ਹੈ। ਤੁਹਾਡੀ ਮਰਜ਼ੀ ਤੁਸੀਂ ਹਾਈਵੇ ਤੇ ਚਲੋ ਜਾਂ ਨਵਾਂ ਰਾਹ ਬਣਾਉ। ਸਵਾਲ ਉਪਰ ਪਹੁੰਚਣ ਦਾ ਹੈ, ਰਾਹ ਦਾ ਨਹੀਂ।

## ਇਕ ਮਾਰਗ ਹੈ ਧਿਆਨ ਦਾ, ਸੁਰਤਿ ਦਾ :

ਇਸ ਵਿਚ ਧਿਆਨੀ ਆਪਣੀ ਆਤਮਾ ਨੂੰ ਲੱਭਦਾ ਹੈ ਤੇ ਫੈਲਾਈ ਜਾਂਦਾ ਹੈ। ਉਹ ਵੇਖਦਾ ਹੈ ਕਿ ਉਸ ਦੀ ਆਪਣੀ ਆਤਮਾ ਦਾ ਪਸਾਰਾ ਹੀ ਸਾਰਾ ਸੰਸਾਰ ਹੈ। ਉਸ ਦੀ ਆਤਮਾ ਐਨੀ ਫੈਲ ਜਾਂਦੀ ਹੈ ਕਿ ਸਾਰਾ ਬ੍ਰਹਿਮੰਡ ਹੀ ਉਸ ਦੇ ਫੈਲਾਉ ਵਿਚ ਆ ਜਾਂਦਾ ਹੈ। ਉਸ ਨੂੰ ਪਰਮਾਤਮਾ ਨਹੀਂ ਲੱਭਦਾ, ਆਪਣੀ ਆਤਮਾ ਦਾ ਫੈਲਾਉ ਹੀ ਲੱਭਦਾ ਹੈ। ਅਜਿਹਾ ਮਨੁੱਖ ਕਈ ਵਾਰੀ ਆਪਣੀ ਆਤਮਾ ਨੂੰ ਹੀ ਪ੍ਰਮ+ਆਤਮਾ (ਪਰਮਾਤਮਾ) ਸਮਝਣ ਲੱਗ ਪੈਂਦਾ ਹੈ। ਉਹ ਆਪਣੇ ਆਪ ਨੂੰ ਬ੍ਰਹਮ ਕਹਿਣ ਲੱਗ ਪੈਂਦਾ ਹੈ "ਅਹੰ ਬ੍ਰਹਮ ਅਸਮੀ" ਜਾਂ ਭਗਵਾਨ ਪਰ ਇਸ ਤਰ੍ਹਾਂ ਸਾਰਿਆਂ ਨਾਲ ਨਹੀਂ ਹੁੰਦਾ। ਕਈਆਂ ਵਿਚ ਆਤਮਾ ਮਿਟ ਜਾਂਦੀ ਹੈ ਤੇ ਪਰਮਾਤਮਾ ਹੀ ਬਚਿਆ ਰਹਿੰਦਾ ਹੈ। ਗੁਰਸਿੱਖੀ ਦੀ ਧਾਰਨਾ ਵੀ ਇਹੀ ਹੈ ਕਿ ਪਰਮਾਤਮਾ ਹੀ ਬਚਦਾ ਹੈ। ਗੁਰਵਾਕ ਹੈ—

— ਖਟੁ ਮਟੁ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦ ਧੁਨਿ ਅੰਤਰ ਜਾਗੀ ॥
ਵਾਜੈ ਅਨਹਦੁ ਮੇਰਾ ਮਨੁ ਲੀਣਾ ॥
ਗੁਰ ਚਰਨੀ ਸਚਿ ਨਾਮਿ ਪਤੀਣਾ ॥

(ਪੰਨਾ ੯੦੩)

— ਤ੍ਰਿਸ਼ਨਾ ਬੂਝੀ ਅੰਤਰ ਠੰਢਾ ॥ ਗੁਰਿ ਪੂਰੈ ਲੈ ਤੂਟਾ ਗੰਢਾ ॥
ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ ॥

(ਪੰਨਾ ੧੦੭੪)



Digitized by Panjab Digital Library | www.panjabdigilib.org

ਜੋਗੀਆਂ ਵਿਚ ਇਹ ਰਾਹ ਬਹੁਤ ਪ੍ਰਚੱਲਿਤ ਹੈ ।

**ਦੂਸਰਾ ਮਾਰਗ ਹੈ ਗਿਆਨ ਦਾ, ਬੁੱਧੀ ਦਾ :**

ਇਸ ਮਾਰਗ ਵਿਚ ਸੋਚ-ਵਿਚਾਰ ਰਾਹੀਂ ਮਨੁੱਖ ਉਸ ਗੱਲ ਨੂੰ ਲੱਭਣ ਦਾ ਜਤਨ ਕਰਦਾ ਹੈ ਜਿਸ ਬਾਰੇ ਗੁਰੂ ਜੀ ਕਹਿੰਦੇ ਹਨ, "ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ" । ਪੜ੍ਹਦਿਆਂ, ਸੋਚਦਿਆਂ, ਵਿਚਾਰਦਿਆਂ ਮਨੁੱਖ ਨੂੰ ਸੋਝੀ ਪੈਂਦੀ ਹੈ ਕਿ ਮੇਰਾ ਕੋਈ ਵਜੂਦ ਨਹੀਂ । ਮੇਰਾ ਵਜੂਦ ਸਿਰਫ ਮੇਰੀ ਹਉਮੈਂ ਦੀ ਉਪਜ ਹੈ । ਉਹ ਸਮਝ ਜਾਂਦਾ ਹੈ ਕਿ ਹਉਮੈਂ ਕਰ ਕੇ ਮੈਂ ਜੰਮਦਾ-ਮਰਦਾ ਹਾਂ, ਜੂਨਾਂ ਵਿਚ ਭਰਮਦਾ ਹਾਂ । ਗੁਰਵਾਕ ਹੈ—

— ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥

(ਪੰਨਾ ੪੬੬)

ਹਉਮੈਂ ਦੀ ਖੇਡ ਸਮਝਦਿਆਂ ਹੀ ਮਨੁੱਖ ਦੀ ਹਉਮੈਂ ਦੀ ਰੇਤ ਦੀ ਕੰਧ ਡਿੱਗਣ ਲਗਦੀ ਹੈ । ਹਉਮੈਂ ਡਿਗਦਿਆਂ ਸਾਰ ਪਤਾ ਚਲਦਾ ਹੈ ਕਿ ਮੈਂ ਤਾਂ ਹੈ ਹੀ ਨਹੀਂ, ਉਹੀ ਹੈ । ਗਿਆਨੀ ਨੂੰ ਆਤਮਾ ਦਾ ਬੋਧ ਨਹੀਂ ਰਹਿੰਦਾ, ਪਰਮਾਤਮਾ ਦਾ ਹੀ ਰਹਿੰਦਾ ਹੈ । ਧਿਆਨੀ ਦੀ ਸਮਝ ਅਨੁਸਾਰ ਆਤਮਾ ਦਾ ਫੈਲਾਉ ਹੀ ਸਭ ਕੁਝ ਹੈ, ਪਰਮਾਤਮਾ ਦਾ ਨਹੀਂ । ਦੋਹਾਂ ਹਾਲਤਾਂ ਵਿਚ ਇਕ ਹੀ ਬਚਦਾ ਹੈ (ਆਤਮਾ ਜਾਂ ਪਰਮਾਤਮਾ)—ਦਵੈਤ ਨਹੀਂ ਰਹਿੰਦੀ । ਭਾਰਤ ਦੇ ਬ੍ਰਾਹਮਣਾਂ ਵਿਚ ਗਿਆਨ ਮਾਰਗ ਪ੍ਰਚੱਲਿਤ ਹੈ ।

**ਤੀਸਰਾ ਮਾਰਗ ਹੈ ਭਗਤੀ ਦਾ, ਮਨਿ ਦਾ ।**

ਇਸ ਮਾਰਗ ਵਿਚ ਭਗਤ ਵੀ ਹੈ ਤੇ ਭਗਵਾਨ ਵੀ । ਗਿਆਨ ਮਾਰਗ ਵਿਚ ਬੁੱਧੀ ਪ੍ਰਧਾਨ ਹੈ, ਭਗਤੀ ਮਾਰਗ ਵਿਚ ਹਿਰਦਾ (ਮਨ) ਪ੍ਰਧਾਨ ਹੈ । ਭਗਤੀ ਦੇ ਰਾਹ ਤੇ ਇਸ ਤਰ੍ਹਾਂ ਚਲਣਾ ਹੈ ਕਿ ਸਿਰਫ ਦੋ ਹੀ ਰਹਿ ਜਾਣ, ਬਾਕੀ ਸਭ ਵਿਸਰ ਜਾਣ। ਸਿਰਫ ਵਾਹਿਗੁਰੂ ਹੀ ਚੇਤੇ ਰਹੇ ਤੇ ਉਸ ਦੀ ਟੇਕ । ਭਗਤ ਆਪਣੇ ਆਪ ਨੂੰ ਅਸਹਾਏ ਬਣਾ ਲੈਂਦਾ ਹੈ । ਉਸ ਨੂੰ ਪੂਰਾ ਭਰੋਸਾ ਹੋ ਜਾਂਦਾ ਹੈ ਕਿ ਮੇਰੇ ਕੀਤੇ ਕੁਝ



Digitized by Panjab Digital Library | www.panjabdigilib.org

ਹੋਣ ਵਾਲਾ ਨਹੀਂ ਕਿਉਂਕਿ "ਕਰਨ ਕਰਾਵਨ ਕਰਨੈਹਾਰੁ ॥ ਇਸ ਕੈ ਹਾਥਿ ਕਹਾ ਬੀਚਾਰੁ ।" ਭਗਤ ਆਪਣੀ ਮਰਜ਼ੀ ਵਿਚੋਂ ਹਟਾ ਲੈਂਦਾ ਹੈ ਤੇ ਸਿਰਫ ਵਾਹਿਗੁਰੂ ਦੀ ਮਰਜ਼ੀ ਹੀ ਰਹਿ ਜਾਂਦੀ ਹੈ । ਫਿਰ ਵਾਹਿਗੁਰੂ ਜਿਧਰ ਲੈ ਜਾਏ, ਜਿਸ ਤਰ੍ਹਾਂ ਬੁਲਾਏ, ਜਿਵੇਂ ਰਖੇ, ਸਭ ਪ੍ਰਵਾਨ ਹੈ । ਫਿਰ ਦੁਖ ਵਿਚ ਉਸ ਨੂੰ ਵਾਹਿਗੁਰੂ ਦਾ ਹੁਕਮ ਹੀ ਨਜ਼ਰ ਆਉਂਦਾ ਹੈ ਤੇ ਸੁਖ ਵਿਚ ਵੀ । ਇਹ ਨਹੀਂ ਕਿ ਦੁਖ ਆ ਜਾਵੇ ਤਾਂ ਸ਼ਿਕਾਇਤ ਕਰੇ ਕਿ ਦੁਖ ਕਿਉਂ ਦਿੱਤਾ ਹੈ, ਦੁਖ ਹਟਾ । ਪ੍ਰੇਮੀ ਉਹੀ ਹੈ ਜਿਹੜਾ ਹਰ ਹਾਲਤ ਵਿਚ (ਦੁਖ ਵਿਚ, ਸੁਖ ਵਿਚ) ਆਪਣੇ ਪ੍ਰੀਤਮ ਦੇ ਸੰਗ ਹੀ ਰਹੇ—

— ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥
ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥

— ਸਲਾਮੁ ਜੁਆਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥

(ਪੰਨਾ ੪੭੪)

ਇਹ ਨਹੀਂ ਕਿ ਸਾਡੀ ਮੰਗ ਮੰਨੀ ਗਈ ਤਾਂ ਧੰਨਵਾਦ (ਸਲਾਮ) ਕਰ ਦਿੱਤਾ ਤੇ ਜੇ ਨਾ ਮੰਨੀ ਗਈ ਤਾਂ ਉਲ੍ਹਾਂਭਾ (ਜੁਆਬ) ਕਰਨ ਲੱਗੇ । ਇਵੇਂ ਕਰਨ ਵਾਲੇ ਨੇ ਤਾਂ ਪਿਆਰ ਦੀ ਮੁੱਢਲੀ ਗੱਲ ਹੀ ਨਹੀਂ ਸਮਝੀ । ਭਾਰਤ ਵਿਚ ਇਹ ਮਾਰਗ ਬਹੁਤ ਪ੍ਰਚਲਿਤ ਹੈ ।

**ਚੌਥਾ ਮਾਰਗ ਹੈ ਸੇਵਾ ਦਾ, ਮਤਿ ਦਾ ।**

ਇਸ ਮਾਰਗ ਵਿਚ ਜ਼ੋਰ ਪ੍ਰਭੂ ਤੇ ਘਟ ਤੇ ਉਸ ਦੀ ਕਿਰਤ ਤੇ ਜ਼ਿਆਦਾ ਹੈ । ਭਗਤੀ ਵਿਚ ਭਗਵਾਨ ਪ੍ਰਧਾਨ ਹੈ, ਸੇਵਾ ਵਿਚ ਭਗਵਾਨ ਦੀ ਕਿਰਤ । ਸੇਵਕ ਨੂੰ ਪਿਆਰੇ ਦੇ ਪਿਆਰੇ, ਪਿਆਰੇ ਲਗਦੇ ਹਨ । ਮਨੁੱਖ ਰੱਬ ਦਾ ਪਿਆਰਾ ਹੈ ਤੇ ਰੱਬ ਸਾਨੂੰ ਪਿਆਰਾ ਹੈ । ਇਸ ਲਈ ਸੇਵਕ ਨੂੰ ਸਾਰੀ ਮਨੁੱਖਤਾ ਪਿਆਰੀ ਹੈ ਕਿਉਂਕਿ ਉਹ ਰੱਬ ਦੀ ਕਿਰਤ ਹੈ, ਉਹ ਰੱਬ ਦੀ ਪਿਆਰੀ ਹੈ । ਇਸ ਮਾਰਗ ਵਿਚ ਵਾਹਿਗੁਰੂ ਦਾ ਰੂਪ ਵੰਡਿਆ ਹੋਇਆ (Diffused) ਪ੍ਰਤੀਤ ਹੁੰਦਾ ਹੈ । ਵਾਹਿਗੁਰੂ ਦਾ ਰੂਪ ਸਾਰੀ ਕਾਇਨਾਤ ਵਿਚ ਪਸਰਿਆ ਲਗਦਾ ਹੈ । ਇਸਾਈਆਂ ਵਿਚ ਇਹ ਮਾਰਗ



Digitized by Panjab Digital Library | www.panjabdigilib.org

ਬਹੁਤ ਪ੍ਰਚਲਿਤ ਹੈ। ਸਿੱਖੀ ਵਿਚ ਵੀ ਸੇਵਾ ਪ੍ਰਧਾਨ ਹੈ, ਪਰ ਕੁਝ ਅਣਜਾਣੇ ਕਾਰਣਾਂ ਕਰ ਕੇ ਇਹ ਸੇਵਾ ਸਿਰਫ ਗੁਰਦੁਆਰਿਆਂ ਤੇ ਸਿਖ ਸੰਗਤ ਤੱਕ ਹੀ ਸੀਮਤ ਰਹਿ ਗਈ ਹੈ। ਸਿੱਖੀ ਦੀ ਸੇਵਾ ਬੀਮਾਰਾਂ, ਦੁਖੀਆਂ, ਪੀੜਤਾਂ, ਯਤੀਮਾਂ, ਵਿਧਵਾਵਾਂ, ਹਸਪਤਾਲਾਂ ਤਕ ਨਹੀਂ ਪਹੁੰਚ ਸਕੀ। ਇਸਾਈਆਂ ਨੇ ਇਸ ਸੇਵਾ ਦੇ ਮਾਰਗ ਵਿਚ ਬਹੁਤ ਕੰਮ ਕੀਤਾ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਦੁਨੀਆਂ ਦੀ ਅੱਧੀ ਤੋਂ ਵਧ ਆਬਾਦੀ ਇਸ ਧਰਮ ਦੀ ਅਨੁਯਾਈ ਹੋ ਗਈ ਹੈ। ਸਾਨੂੰ ਆਪਣਾ ਸੇਵਾ ਖੇਤਰ ਵਡਾ ਕਰਨਾ ਪਏਗਾ ਤਾਂ ਕਿ ਅਸੀਂ ਗੁਰੂਆਂ ਦੇ ਆਸ਼ੇ ਨੂੰ ਪੂਰਾ ਕਰ ਸਕੀਏ। ਇਸ ਵਲ ਧਿਆਨ ਦੇਣਾ ਪਵੇਗਾ, ਪਰ ਇਹ ਸੇਵਾ ਦਾ ਸੰਸਾਰਕ ਪਹਿਲੂ ਹੈ। ਇਹ ਸੰਸਾਰਕ ਉਦੇਸ਼ ਹੋ ਸਕਦਾ ਹੈ, ਧਾਰਮਕ ਨਹੀਂ। ਸੇਵਾ ਦਾ ਧਾਰਮਕ ਉਦੇਸ਼ ਹੈ ਆਪਣੀ ਹਉਮੈਂ ਗਾਲਣੀ, ਆਪਣੇ ਆਪ ਨੂੰ ਨਾ-ਕੁਝ ਕਰ ਲੈਣਾ ਤੇ ਉਸ ਵਾਹਿਗੁਰੂ ਨੂੰ ਸਭ ਵਿਚ ਦੇਖਣਾ। ਆਪਣੀ ਸਮਝ ਨੂੰ ਛੋਟਾ ਕਰਕੇ ਸੇਵਾ ਕਰਨੀ। ਗੁਰਵਾਕ ਹੈ—

— ਕਚੀ ਕੰਧ ਕਚਾ ਵਿਚਿ ਰਾਜੁ। ਮਤਿ ਅਲੂਣੀ ਫਿਕਾ ਸਾਦੁ ॥
ਨਾਨਕ ਆਣੇ ਆਵੈ ਰਾਸਿ। ਵਿਣੁ ਨਾਵੈ ਨਾਹੀ ਸਾਬਾਸਿ ॥
(ਪੰਨਾ ੨੫)

— ਮਤਿ ਥੋੜੀ ਸੇਵ ਗਵਾਈਐ ॥
(ਪੰਨਾ ੪੬੮)

ਸਿੱਖ ਸਾਰੇ ਮਾਰਗਾਂ ਦਾ ਅਭਿਆਸ ਕਰਦਾ ਹੈ। ਸਵੇਰੇ ਉਠ ਕੇ ਸਿਮਰਨ (ਧਿਆਨ ਮਾਰਗ) ਕਰਦਾ ਹੈ, ਬਾਅਦ ਵਿਚ ਗੁਰਬਾਣੀ ਪੜ੍ਹਦਾ/ਵਿਚਾਰਦਾ (ਗਿਆਨ ਮਾਰਗ) ਹੈ, ਫਿਰ ਗੁਰਦੁਆਰੇ ਜਾ ਕੇ ਸਾਧ ਸੰਗਤ ਨਾਲ ਰਲ ਕੇ ਕੀਰਤਨ-ਭਜਨ (ਭਗਤੀ ਮਾਰਗ) ਕਰਦਾ ਹੈ ਤੇ ਗੁਰਦੁਆਰੇ ਦੀ, ਸਾਧ-ਸੰਗਤ ਦੀ, ਲੰਗਰ ਦੀ ਸੇਵਾ (ਸੇਵਾ ਮਾਰਗ) ਕਰਦਾ ਹੈ।

**ਤਿਥੈ ਘੜੀਐ ਸੁਰਾ ਸਿਧਾ ਦੀ ਸੁਧਿ ॥**

ਮਾਰਗ ਕਿਸੇ ਤੇ ਵੀ ਚਲੋ, ਪਰ ਹਾਸਲ ਕੀ ਹੁੰਦਾ ਹੈ? ਮਨ ਨੂੰ ਘੜ-ਘੜ ਕੇ ਅਖੀਰ ਕੀ ਲਭਦਾ ਹੈ ? ਇਹ ਹੈ ਉਹ ਅਨੂਪਮ ਆਤਮਾ (ਸੁਧਿ) ਜਿਹੜੀ



Digitized by Panjab Digital Library | www.panjabdigilib.org

ਦੇਵਤਿਆਂ (ਸੁਰਾ) ਤੇ ਸਿਧਾਂ ਪੁਰਖਾਂ ਕੋਲ ਹੁੰਦੀ ਹੈ। ਤੁਹਾਡੀ ਆਤਮਾ ਦਾ ਰੂਪ ਵੀ ਦੇਵਤਿਆਂ ਤੇ ਸਿਧਾਂ ਵਾਂਗੂੰ ਨਿਖਰ ਜਾਂਦਾ ਹੈ। ਤੁਸੀਂ ਆਪ ਵੀ ਦੇਵ ਪਦਵੀ ਨੂੰ ਪ੍ਰਾਪਤ ਹੋ ਜਾਂਦੇ ਹੋ।

— ਸਿਧਾ ਪੁਰਖਾ ਕੀਆ ਵਡਿਆਈਆ ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥

(ਪੰਨਾ ੩੪੯)

— ਸਿਧ ਸਾਧਿਕ ਲਿਵ ਲਾਗੀ ਨਾਚੇ, ਜਿਨ ਗੁਰਮੁਖਿ ਬੁਧਿ ਵੀਚਾਰੀ ॥

(ਪੰਨਾ ੫੦੬)

— ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥
ਤਾਜ ਕੁਲਹ ਸਿਰਿ ਛਤ੍ਰ ਬਨਾਵਉ ।
ਬਿਨ ਜਗਦੀਸ ਕਹਾ ਸਚੁ ਪਾਵਉ ॥

(ਪੰਨਾ ੨੨੫)

ਜਗਦੀਸ ਦੀ ਕਿਰਪਾ ਕਦੋਂ ਹੁੰਦੀ ਹੈ, ਵਾਹਿਗੁਰੂ ਕਦੋਂ ਕਰਮ ਕਰਦਾ ਹੈ, ਇਸ ਬਾਰੇ ਕਰਮ ਖੰਡ ਵਿਚ ਜ਼ਿਕਰ ਹੈ।

○ ○



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਜਪੁਜੀ ਸਾਹਿਬ—੩੭ਵੀਂ ਪਉੜੀ

## ਕਰਮ ਖੰਡ ਕੀ ਬਾਣੀ ਜੋਰੁ ॥

ਕਰਮ ਖੰਡ ਕੀ ਬਾਣੀ ਜੋਰੁ ॥
ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾਬਲ ਸੂਰ ॥
ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥
ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥
ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥

(ਪੰਨਾ ੮)

Digitized by Panjab Digital Library | www.panjabdigilib.org

## ੪

# ਕਰਮ ਖੰਡ ਕੀ ਬਾਣੀ ਜੋਰੁ ॥

**ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥**

ਜੀਵਨ ਵਿਚ ਸਫਲਤਾ ਲਈ ਤਿੰਨ ਚੀਜ਼ਾਂ ਦੀ ਬੜੀ ਲੋੜ ਹੁੰਦੀ ਹੈ। ਇਹ ਸਫਲਤਾ ਭਾਵੇਂ ਸੰਸਾਰ ਲਈ ਹੋਵੇ ਜਾਂ ਸਵਰਗ ਲਈ, ਭਾਵੇਂ ਪਦਾਰਥ ਲਈ ਹੋਵੇ ਭਾਵੇਂ ਪਰਮਾਤਮਾ ਲਈ, ਭਾਵੇਂ ਕਾਮ ਲਈ ਹੋਵੇ ਭਾਵੇਂ ਰਾਮ ਲਈ। ਸਭ ਲਈ ਇਨ੍ਹਾਂ ਤਿੰਨਾਂ ਦੀ ਲੋੜ ਰਹਿੰਦੀ ਹੈ। ਇਹ ਤਿੰਨ ਹਨ—**ਉਤਸ਼ਾਹ, ਉੱਦਮ ਤੇ ਉਡੀਕ**। ਤਿੰਨ 'ਉ' ਚੇਤੇ ਰਖੋ—ਉਤਸ਼ਾਹ, ਉਦਮ ਤੇ ਉਡੀਕ। ਇਹ ਤਿੰਨ ਸਫਲਤਾ ਦੀ ਕੁੰਜੀ ਹਨ।

ਜੇ ਉਤਸ਼ਾਹ ਹੀ ਨਹੀਂ ਤਾਂ ਸਫਲਤਾ ਕਿਵੇਂ ਮਿਲੇਗੀ। ਜੇ ਮਿਲਣ ਦੀ ਪਿਆਸ ਹੀ ਨਹੀਂ, ਜੇ ਪਿਆਰ ਵਿਚ ਤੜਪ ਹੀ ਨਹੀਂ, ਜੇ ਚਾਹ ਵਿਚ ਖੂਨੇ-ਦਿਲ ਹੀ ਨਹੀਂ ਰਲਿਆ, ਜੇ ਸਿਰ ਦੇਣ ਦੀ ਰਜ਼ਾ ਹੀ ਨਹੀਂ—ਤਾਂ ਕਿਵੇਂ ਮਿਲਣ ਹੋਏਗਾ। ਪ੍ਰਭੂ ਮਿਲਣ ਲਈ ਉਤਸ਼ਾਹ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਦਾ ਮਛੀ (ਮੀਨ) ਦਾ ਪਾਣੀ ਲਈ (ਉਹ ਪਾਣੀ ਬਿਨਾਂ ਜੀ ਨਹੀਂ ਸਕਦੀ),



Digitized by Panjab Digital Library | www.panjabdigilib.org

ਜਿਵੇਂ ਚਾਤ੍ਰਿਕ ਦਾ ਸਵਾਂਤ ਬੂੰਦ ਲਈ (ਇਹ ਸਵਾਂਤ ਬੂੰਦ ਲਈ ਪੀਉ-ਪੀਉ ਕਰਣੋਂ ਨਹੀਂ ਰਹਿ ਸਕਦਾ), ਜਿਵੇਂ ਹਿਰਨ ਦਾ ਆਵਾਜ਼ ਲਈ (ਇਹ ਆਵਾਜ਼ ਵਲ ਖਿਚਿਆ ਚਲਾ ਜਾਂਦਾ ਹੈ), ਜਿਵੇਂ ਭੰਵਰੇ ਦਾ ਫੁਲ ਲਈ (ਇਹ ਸੁਗੰਧ ਵਲ ਖਿੱਚੇ ਜਾਣੋ ਨਹੀਂ ਰਹਿ ਸਕਦਾ) । ਇਸ ਤਰ੍ਹਾਂ ਦਾ ਹੀ ਉਤਸ਼ਾਹ ਗੁਰਸਿੱਖ ਦਾ ਵਾਹਿਗੁਰੂ ਦੀ ਪ੍ਰੀਤ ਲਈ ਹੋਣਾ ਚਾਹੀਦਾ ਹੈ । ਗੁਰਵਾਕ ਹੈ—

— ਜਿਉਂ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥

(ਪੰਨਾ ੭੦੮)

ਤਿਅਕਤ ਜਲੰ ਨਹ ਜੀਵ ਮੀਨੰ,
ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ ॥
ਬਾਣ ਬੇਧੰਚ ਕਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ ।
ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ ॥
ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ ।
ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ ॥

(ਪੰਨਾ ੭੦੮)

ਪ੍ਰਭੂ ਮਿਲਣ ਲਈ ਉਤਸ਼ਾਹ ਐਨਾ ਗਹਿਰਾ ਹੋਣਾ ਚਾਹੀਦਾ ਹੈ ਕਿ ਉਸ ਦੇ ਮਿਲਾਪ ਬਿਨਾਂ ਜੀਣਾ ਬੇਅਰਥ ਲੱਗੇ, ਉਸ ਦੇ ਦਰਸ਼ਨਾਂ ਤੋਂ ਬਿਨਾਂ ਅੰਮ੍ਰਿਤ ਵੀ ਮਾੜਾ ਲੱਗੇ ਤੇ ਜੀਵਨ ਵੀ ਚੰਗਾ ਨਾ ਲੱਗੇ । ਗੁਰਵਾਕ ਹੈ—

— ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ ॥
ਜਬ ਲਗੁ ਦਰਸੁ ਨ ਹੋਇ ਕਿਉ ਅੰਮ੍ਰਿਤ ਪੀਵੀਐ ਰਾਮ ॥



Digitized by Panjab Digital Library | www.panjabdigilib.org

ਕਿਉ ਅੰਮ੍ਰਿਤੁ ਪੀਵੀਐ ਹਰਿ ਬਿਨੁ ਜੀਵੀਐ
ਤਿਸੁ ਬਿਨੁ ਰਹਨੁ ਨ ਜਾਏ ॥
ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ
ਪਿਰ ਬਿਨੁ ਪਿਆਸ ਨ ਜਾਏ ॥

(ਪੰਨਾ ੧੧੧੩)

ਇਹ ਉਤਸ਼ਾਹ ਐਨਾ ਡੂੰਘਾ ਹੋਣਾ ਚਾਹੀਦਾ ਹੈ ਕਿ ਮੰਜ਼ਿਲ ਮਿਲੇ ਬਿਨਾਂ ਚੈਨ ਨਾ ਪਵੇ।

ਉਤਸ਼ਾਹ ਦੇ ਨਾਲ ਉੱਦਮ ਜ਼ਰੂਰੀ ਹੈ। ਨਿਰੇ ਉਤਸ਼ਾਹ ਨਾਲ ਕੋਈ ਪਾਰ ਨਹੀਂ ਹੋਇਆ। ਗੁਰੂ ਜੀ ਤਾਂ ਕਹਿੰਦੇ ਹਨ ਕਿ ਮਨੁੱਖ ਨੂੰ ਸੰਸਾਰਕ ਸੁਖਾਂ ਲਈ ਵੀ ਉੱਦਮ ਕਰਨਾ ਹੈ ਤੇ ਧਿਆਨ ਕਰਨ ਲਈ ਵੀ। ਗੁਰਵਾਕ ਹੈ—

— ਉਦਮ ਕਰੇਂਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥

(ਪੰਨਾ ੫੨੨)

ਪ੍ਰਭੂ ਦੇ ਮਾਰਗ ਤੇ ਪੈਂਡਾ ਤਾਂ ਮਾਰਨਾ ਹੀ ਪੈਂਦਾ ਹੈ, ਉੱਦਮ ਰਾਹੀਂ ਨਾਮ ਜਪਣਾ ਪੈਂਦਾ ਹੈ, ਹਰੀ ਦਾ ਸਿਮਰਨ ਕਰਨਾ ਹੀ ਪੈਂਦਾ ਹੈ।

— ਉਦਮੁ ਕਰਤ ਸੀਤਲ ਮਨ ਭਏ ॥
ਮਾਰਗਿ ਚਲਤ ਸਗਲ ਦੁਖ ਗਏ ॥

(ਪੰਨਾ ੨੦੧)

— ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥

(ਪੰਨਾ ੪੮)

— ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥

(ਪੰਨਾ ੪੫੬)

ਗੁਰੂ ਜੀ ਉੱਦਮ ਕਰਨ ਵਾਲਿਆਂ ਨੂੰ ਵੱਡਭਾਗੀ ਕਹਿੰਦੇ ਹਨ ਕਿਉਂਕਿ



Digitized by Panjab Digital Library | www.panjabdigilib.org

ਆਪਣੀ ਮੰਜ਼ਲ ਵਲ ਤੁਰ ਪਏ ਹਨ ਤੇ ਜਿਹੜੇ ਤੁਰ ਪੈਂਦੇ ਹਨ, ਉਹੀ ਮੰਜ਼ਲ ਤੱਕ ਅਪੜਦੇ ਹਨ। ਜਿਹੜੇ ਨਿਰੀਆਂ ਗੱਲਾਂ ਹੀ ਕਰਦੇ ਰਹਿੰਦੇ ਹਨ, ਉਹ ਕਿਤੇ ਨਹੀਂ ਪਹੁੰਚਦੇ। ਜਿਹੜਾ ਯਾਤਰਾ ਸ਼ੁਰੂ ਹੀ ਨਹੀਂ ਕਰਦਾ ਉਸ ਦੀ ਯਾਤਰਾ ਕਦੇ ਖਤਮ ਨਹੀਂ ਹੁੰਦੀ। ਇਸ ਬਾਰੇ ਸਰਮ ਖੰਡ ਦੇ ਲੈਕਚਰ ਵਿਚ ਕਾਫੀ ਚਰਚਾ ਕੀਤੀ ਸੀ।

ਉਤਸ਼ਾਹ ਹੈ ਤੇ ਉੱਦਮ ਵੀ, ਪਰ ਉਡੀਕ ਨਹੀਂ, ਤਾਂ ਉਹ ਮਨੁੱਖ ਵੀ ਸਫਲ ਨਹੀਂ ਹੋ ਸਕਦਾ। ਹਰ ਪ੍ਰਕਾਰ ਦੇ ਫੱਲ ਨੂੰ ਫ਼ਲ ਲੱਗਣ ਲਈ ਸਮਾਂ ਲੱਗਦਾ ਹੈ ਤੇ ਹਰ ਇਕ ਫਲ ਦਾ ਪਕਣ-ਸਮਾਂ ਅਲੱਗ ਅਲੱਗ ਹੈ। ਇਸ ਲਈ ਫਲ ਦੇ ਲੱਗਣ ਦੀ ਉਡੀਕ ਲਾਜ਼ਮੀ ਹੈ। ਉਤਾਵਲਾਪਨ ਹਾਨੀਕਾਰਕ ਹੁੰਦਾ ਹੈ। ਇਕ ਸੰਤ ਆਪਣੇ ਸਿੱਖ ਨੂੰ ਸਿਮਰਨ ਸਿਖਾਣ ਤੋਂ ਪਹਿਲਾਂ ਇਕ ਮੈਦਾਨ ਵਿਚ ਲੈ ਜਾਂਦਾ ਸੀ ਜਿਥੇ ਕਈ ਟੋਏ ਖੁਦੇ ਪਏ ਸਨ—ਕੋਈ ਦਸ ਮੀਟਰ ਤੇ ਕੋਈ ਤੀਹ ਮੀਟਰ, ਕੋਈ ਪੰਜਾਹ ਮੀਟਰ ਤੇ ਕੋਈ ਸੌ ਮੀਟਰ। ਗੁਰੂ ਦੱਸਦਾ ਸੀ ਕਿ ਇਨ੍ਹਾਂ ਲੋਕਾਂ ਨੇ ਖੂਹ ਖੋਦਣਾ ਸੀ ਤੇ ਇਸ ਲਈ ਉਤਸ਼ਾਹ ਤੇ ਉਦਮ ਦੋਵੇਂ ਕੀਤੇ ਸਨ ਪਰ ਪਾਣੀ ਆਉਣ ਦੀ ਉਡੀਕ ਨਹੀਂ ਸੀ। ਅੱਧ ਵਿਚਕਾਰ ਹੀ ਖੋਦਣਾ ਛੱਡ ਕੇ ਦੂਸਰੀ ਜਗ੍ਹਾ ਖੋਦਣ ਲਗ ਪਏ। ਕਈ ਖੂਹ ਖੋਦੇ ਗਏ ਤੇ ਅਧੂਰੇ ਛੱਡ ਦਿੱਤੇ ਗਏ। ਗੁਰੂ ਨੇ ਸਿੱਖਾਂ ਨੂੰ ਇਕ ਟੋਏ ਨੂੰ ਹੋਰ ਖੋਦਣ ਲਈ ਕਿਹਾ। ਥੋੜ੍ਹਾ ਹੀ ਖੋਦਣ ਨਾਲ ਪਾਣੀ ਮਿਲ ਗਿਆ। ਗੁਰੂ ਨੇ ਸਮਝਾਇਆ ਕਿ ਜੇ ਸਿਮਰਨ ਸਿਖਣਾ ਹੈ ਤਾਂ ਉਦਮ ਕਰੀ ਜਾਉ ਤੇ ਉਡੀਕ ਕਰੀ ਜਾਉ। ਜੇ ਅੱਜ ਸਿਮਰਨ ਮੇਰੇ ਕੋਲੋਂ ਸਿਖਣਾ ਹੈ ਤੇ ਫਲ ਦੀ ਉਡੀਕ ਕੀਤੇ ਬਿਨਾਂ ਕਲ ਹੋਰਦੇ ਤੁਰ ਪੈਣਾ ਹੈ, ਤਾਂ ਚੰਗਾ ਹੋਏਗਾ ਕਿ ਸਿਮਰਨ ਸ਼ੁਰੂ ਹੀ ਨਾ ਕਰੋ। ਨ ਮੇਰਾ ਸਮਾਂ ਬਰਬਾਦ ਕਰੋ ਨ ਆਪਣਾ। ਅਧੂਰੇ ਖੂਹ ਪੁਟੇ ਦਾ ਕੀ ਲਾਭ? ਪ੍ਰਭੂ ਮਿਲਣ ਦੀ ਰਾਹ ਤੇ ਤਾਂ ਮਿਲਣ ਦੀ ਤਾਂਘ ਵਧਾਈ ਜਾਂਦੀ ਹੈ, ਉਸ ਪ੍ਰੀਤਮ ਦੇ ਆਉਣ ਦਾ ਰਾਹ ਦੇਖਿਆ ਜਾਂਦਾ ਹੈ। ਗੁਰਵਾਕ ਹੈ—

— ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ ॥

(ਪੰਨਾ ੪੪੯)

— ਪੰਥੁ ਨਿਹਾਰੈ ਕਾਮਨੀ ਲੋਚਨ ਭਰੀਲੇ ਉਸਾਸਾ ॥

ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ ॥ (ਪੰਨਾ ੩੩੬)



Digitized by Panjab Digital Library | www.panjabdigilib.org

ਭਗਤ ਪ੍ਰਭੂ ਮਿਲਣ ਦੀ ਰਾਹ ਰੋਜ਼ ਦੇਖਦਾ ਹੈ। ਦਿਲ ਤ੍ਰਿਪਤ ਨਹੀਂ ਹੁੰਦਾ ਕਿਉਂਕਿ ਮਿਲਣ ਨਹੀਂ ਹੋਇਆ। ਪਰ ਫਿਰ ਵੀ ਪੈਰ ਪਿਛੇ ਖਿਸਕਾਣ ਨੂੰ ਦਿਲ ਨਹੀਂ ਕਰਦਾ। ਦਿਲ ਹੈ ਕਿ ਉਡੀਕ ਕਰੀ ਜਾਂਦਾ ਹੈ। ਇਸ ਲਈ ਗੁਰੂ ਜੀ ਕਹਿੰਦੇ ਹਨ ਕਿ ਉਡੀਕਣ ਲਈ ਤਿਆਰ ਰਹੋ।

ਉਤਸ਼ਾਹ, ਉਦਮ ਤੇ ਉਡੀਕ ਜ਼ਰੂਰੀ ਹਨ ਪਰ ਕੀ ਇਹ ਤਿੰਨ ਸਫਲਤਾ ਲਈ ਕਾਫੀ ਹਨ? ਕੀ ਕਿਸੇ ਚੌਥੀ ਚੀਜ਼ ਦੀ ਲੋੜ ਨਹੀਂ? ਕੀ ਉਸ ਵਾਹਿਗੁਰੂ ਦੇ ਕਰਮ ਦੀ, ਬਖਸ਼ਿਸ਼ ਦੀ, ਮਿਹਰ ਦੀ, ਕਿਰਪਾ ਦੀ, ਪ੍ਰਸਾਦਿ ਦੀ, ਲੋੜ ਨਹੀਂ? ਕੀ ਸਾਡਾ ਪ੍ਰਯਾਸ ਹੀ ਕਾਫੀ ਹੈ?

ਇਸ ਬਾਰੇ ਦੋ ਵਿਚਾਰਧਾਰਾਂ ਹਨ। ਇਕ ਵਿਚਾਰ ਹੈ ਕਿ **ਵਾਹਿਗੁਰੂ ਨੇ ਕੁਝ ਨੀਯਮ ਬਣਾ ਦਿੱਤੇ ਹਨ। ਉਨ੍ਹਾਂ ਨਿਯਮਾਂ ਦੀ ਪਾਲਣਾ ਕਰਨ ਨਾਲ ਸਫਲਤਾ ਮਿਲ ਹੀ ਜਾਂਦੀ ਹੈ। ਉਸ ਦੀ ਕਿਰਪਾ ਜੇ ਹੈ ਵੀ ਤਾਂ ਉਹ ਉਸ ਦੇ ਦਰਸਾਏ ਨਿਯਮਾਂ ਦੀ ਪਾਲਣਾ ਵਿਚ ਹੈ।** ਨਿਯਮਾਂ ਦੀ ਪਾਲਣਾ ਵਿਚ ਹੀ ਉਸ ਦਾ ਕਰਮ (ਕਿਰਪਾ) ਲੁਕਿਆ ਪਿਆ ਹੈ। ਕਿਸੇ ਹੋਰ ਕਿਸਮ ਦੀ ਕਿਰਪਾ ਦੀ ਲੋੜ ਨਹੀਂ। ਇਉਂ ਸਮਝੋ। ਵਾਹਿਗੁਰੂ ਨੇ ਗੁਰਤਵ ਨਿਯਮ (Law of Gravitation) ਬਣਾ ਦਿੱਤਾ। ਇਸ ਦੀ ਪਾਲਣਾ ਕਰਨ ਵਿਚ ਹੀ ਸਾਡੀ ਸਫ਼ਲਤਾ ਹੈ। ਅਸੀਂ ਆਪਣਾ ਜਹਾਜ਼ ਚੰਨ ਤੇ ਪਹੁੰਚਾ ਦਿੱਤਾ—ਜਹਾਜ਼ ਹੀ ਨਹੀਂ ਬਲਕਿ ਉਸ ਵਿਚ ਬੈਠੇ ਮਨੁੱਖ ਵੀ। ਹੁਣ ਜ਼ਮੀਨ ਵੀ ਘੁੰਮ ਰਹੀ ਹੈ ਤੇ ਚੰਨ ਵੀ। ਨਿਸ਼ਾਨਾ ਮਾਰਨ ਵਾਲਾ ਵੀ ਹਰਕਤ ਵਿਚ ਹੈ (ਧਰਤੀ ਉੱਤੇ) ਤੇ ਨਿਸ਼ਾਨ (ਚੰਨ) ਵੀ ਹਰਕਤ ਵਿਚ ਹੈ। ਪਰ ਵਾਹਿਗੁਰੂ ਦੇ ਬਣਾਏ ਨਿਯਮਾਂ ਦੀ ਜਾਣਕਾਰੀ ਐਨੀ ਪੂਰੀ ਹੈ ਕਿ ਅਸੀਂ ਆਪਣੇ ਜਹਾਜ਼ ਨੂੰ ਚੰਨ ਉੱਪਰ ਮੁਕੱਰਰ ਕੀਤੇ ਇਕ ਨਿੱਕੇ ਜਿਹੇ ਸਥਾਨ ਤੇ ਲਾਹ ਲਿਆ। ਇਸ ਵਿਚ ਵਾਹਿਗੁਰੂ ਦੀ ਕਿਰਪਾ ਸ਼ਾਮਲ ਹੈ ਕਿਉਂਕਿ ਅਸੀਂ ਉਸ ਦੇ ਦਰਸਾਏ ਹੁਕਮ (ਨਿਯਮ) ਨੂੰ ਸਮਝਿਆ ਤੇ ਉਸ ਦਾ ਪਾਲਣ ਕੀਤਾ।

ਇਸ ਤਰ੍ਹਾਂ ਹੀ ਧਰਮ ਦੇ ਖੇਤਰ ਵਿਚ ਹੈ। ਵਾਹਿਗੁਰੂ ਵਲੋਂ ਦਰਸਾਏ ਨਿਯਮ ਗੁਰੂ, ਸੰਤ, ਗੁਰਬਾਣੀ ਸਾਨੂੰ ਦਸਦੀ ਰਹਿੰਦੀ ਹੈ। ਉਨ੍ਹਾਂ ਦੀ ਪਾਲਣਾ ਕਰਨਾ ਚੰਗਿਆਈ ਹੈ ਤੇ ਪਾਲਣਾ ਨ ਕਰਨਾ ਬੁਰਾਈ। ਅਸੀਂ ਧਰਮ (ਵਾਹਿਗੁਰੂ ਦੇ ਦਰਸਾਏ ਨਿਯਮਾਂ) ਦਾ ਪਾਲਨ ਕਰਦੇ ਹਾਂ ਤਾਂ ਚੰਗਿਆਈ ਕਰਦੇ ਹਾਂ ਤੇ ਰਚਨਹਾਰ



Digitized by Panjab Digital Library | www.panjabdigilib.org

ਵਾਹਿਗੁਰੂ ਦੇ ਨੇੜੇ ਹੋ ਜਾਂਦੇ ਹਾਂ। ਜੇ ਧਰਮ ਦੀ ਪਾਲਣਾ ਨਹੀਂ ਕਰਦੇ ਤਾਂ ਬੁਰਾਈ ਕਰਦੇ ਹਾਂ ਤੇ ਰਚਨਹਾਰ ਵਾਹਿਗੁਰੂ ਤੋਂ ਦੂਰ ਹੋ ਜਾਂਦੇ ਹਾਂ। ਸਾਨੂੰ ਸਾਡੇ ਕੀਤੇ ਚੰਗੇ ਜਾਂ ਮੰਦੇ ਕਰਮਾਂ ਦਾ ਫਲ ਮਿਲਦਾ ਰਹਿੰਦਾ ਹੈ। ਇਸ ਲਈ ਰਬ ਦੀ ਕਿਸੇ ਵਖਰੀ ਕਿਰਪਾ ਦੀ ਲੋੜ ਨਹੀਂ। ਧਰਮ ਪਾਲਣਾ ਹੀ ਉਸ ਦੀ ਕਿਰਪਾ ਦਾ ਪਾਤਰ ਬਣਨਾ ਹੈ। ਧਰਮ ਕਮਾਣਾ ਹੀ ਗੁਰਪ੍ਰਸਾਦਿ ਦਾ ਹਕਦਾਰ ਹੋਣਾ ਹੈ। ਅਸੀਂ ਰੋਜ਼ ਜਪੁ ਜੀ ਸਾਹਿਬ ਵਿਚ ਪੜ੍ਹਦੇ ਹਾਂ—

— ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ (ਪੰਨਾ ੮)

ਗੁਰੂ ਜੀ ਗੱਲ ਸਪੱਸ਼ਟ ਕਰ ਦੇਂਦੇ ਹਨ ਕਿ ਜਿਹੜੇ ਨਾਮ ਧਿਆਂਦੇ ਹਨ ਉਨ੍ਹਾਂ ਦੀ ਮਿਹਨਤ ਮਸ਼ੱਕਿਤ ਥਾਏਂ ਪੈ ਜਾਂਦੀ ਹੈ।

ਸਾਡੇ ਧਰਮੀ-ਅਧਰਮੀ, ਚੰਗੇ-ਮੰਦੇ ਕਰਮਾਂ ਦਾ ਹਿਸਾਬ ਨਾਲੋ ਨਾਲ ਤਿਆਰ ਹੁੰਦਾ ਰਹਿੰਦਾ ਹੈ। ਸਾਨੂੰ ਦਸਿਆ ਗਿਆ ਹੈ ਕਿ ਦੋ ਦੇਵਤੇ ਸਾਡੇ ਕਰਮਾਂ ਤੇ ਵਿਚਾਰਾਂ ਦਾ ਹਿਸਾਬ ਰਖਦੇ ਹਨ। ਉਸ ਦੀ ਦਰਗਾਹ ਵਿਚ ਕਰਮਾਂ ਦਾ ਹੀ ਨਹੀਂ ਵਿਚਾਰਾਂ ਦਾ ਵੀ ਹਿਸਾਬ ਦੇਣਾ ਪੈਂਦਾ ਹੈ। ਜੇ ਮਾੜਾ ਵਿਚਾਰ ਉਠਿਆ ਹੈ ਤਾਂ ਉਸਨੇ ਉਸੇ ਛਣ ਮਨ ਨੂੰ ਮੈਲਾ ਕਰ ਦਿੱਤਾ ਹੈ। ਉਹ ਵਿਚਾਰ ਹੁਣ ਦੀ ਘੜੀ ਮਾੜਾ ਕਰਮ ਬਣੇ ਨ ਬਣੇ, ਪਰ ਕਲ ਪਰਸੋਂ ਇਸ ਮਾੜੇ ਵਿਚਾਰ ਨੇ ਕਰਮ ਦਾ ਰੂਪ ਧਾਰਨ ਕਰਨਾ ਹੀ ਹੈ। ਵਿਚਾਰ ਇਕ ਬੀ ਹੈ ਤੇ ਇਸ ਨੂੰ ਸਮਾਂ ਪਾ ਕੇ ਫਲ ਲਗਣਾ ਹੀ ਹੈ। ਮਾੜਾ ਵਿਚਾਰ ਮਾੜਾ ਕਰਮ ਬਣਾਏਗਾ ਤੇ ਚੰਗਾ ਵਿਚਾਰ ਚੰਗਾ ਕਰਮ। ਇਹ ਸਾਰਾ ਹਿਸਾਬ ਸਾਨੂੰ ਅੰਤ ਸਮੇਂ ਦਿਖਾਇਆ ਜਾਏਗਾ ਤੇ ਉਸ ਮੁਤਾਬਿਕ ਸਾਨੂੰ ਡੰਡ-ਇਨਾਮ ਮਿਲੇਗਾ।

— ਚਿਤ੍ਰ ਗੁਪਤ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥
(ਪੰਨਾ ੬੧੬)

ਚਿਤ੍ਰ-ਗੁਪਤ ਬਾਰੇ ਮੈਂ ਪਹਿਲਾਂ ਗੱਲ ਕਰ ਚੁੱਕਾ ਹਾਂ। ਅਸਲ ਵਿਚ ਲਿਖਣ



Digitized by Panjab Digital Library | www.panjabdigilib.org

ਵਾਲਾ ਕੋਈ ਨਹੀਂ। ਇਹ ਲਿਖਣਾ ਆਟੋਮੈਟਿਕ ਹੁੰਦਾ ਹੈ। ਇਹ ਟੇਪ ਰਿਕਾਰਡਰ ਸਾਡੇ ਜੰਮਣ ਨਾਲ ਚਾਲੂ ਹੁੰਦਾ ਹੈ ਤੇ ਸਾਡੇ ਅਖੀਰਲੇ ਸਵਾਸ ਤਕ ਚਲਦਾ ਰਹਿੰਦਾ ਹੈ। ਇਸ ਰਿਕਾਰਡ ਅਨੁਸਾਰ ਨਿਰਣੈ ਹੁੰਦਾ ਜਾਏਗਾ ਤੇ ਰਬ ਦੀ ਵਖਰੀ ਕਿਰਪਾ ਦੀ ਲੋੜ ਨਹੀਂ।

ਇਸ ਵਿਚਾਰ ਦਾ ਬੁਧ-ਮਤ ਤੇ ਜੈਨ ਮਤ ਵਾਲੇ ਸਮਰਥਨ ਕਰਦੇ ਹਨ। ਇਹ ਪ੍ਰਭੂ ਦੀ ਕਿਰਪਾ ਦੀ ਗਲ ਨਹੀਂ ਕਰਦੇ। ਬਲਕਿ ਇਹ ਆਤਮਾ ਤੇ ਪ੍ਰਮਾਤਮਾ ਦੀ ਗੱਲ ਵੀ ਨਹੀਂ ਕਰਦੇ। ਮਹਾਤਮਾ ਬੁਧ ਬਾਰੇ ਮਸ਼ਹੂਰ ਹੈ ਕਿ ਉਹ ਕਈ ਸਵਾਲਾਂ ਦਾ ਜਵਾਬ ਨਹੀਂ ਦੇਂਦੇ ਸਨ ਤੇ ਉਨ੍ਹਾਂ ਵਿਚ ਆਤਮਾ ਤੇ ਪ੍ਰਮਾਤਮਾ ਬਾਰੇ ਸਵਾਲ ਵੀ ਸ਼ਾਮਲ ਸਨ। ਇਸੇ ਲਈ ਆਮ ਵਿਸ਼ਵਾਸ ਹੋ ਗਿਆ ਹੈ ਕਿ ਬੁਧ ਤੇ ਉਸਨੂੰ ਮੰਨਣ ਵਾਲੇ ਬੋਧੀ ਆਤਮਾ ਪ੍ਰਮਾਤਮਾ ਨੂੰ ਨਹੀਂ ਮੰਨਦੇ। ਅਸਲ ਵਿਚ ਬੁਧ ਇਸ ਬਾਰੇ ਗੱਲ ਕਰਨਾ ਨਹੀਂ ਚਾਹੁੰਦੇ ਸਨ ਕਿਉਂਕਿ ਆਤਮਾ-ਪ੍ਰਮਾਤਮਾ ਨੂੰ ਜ਼ਬਾਨੀ ਨਹੀਂ ਸਮ-ਝਾਇਆ ਜਾ ਸਕੀਦਾ। ਉਹ ਕਹਿੰਦੇ ਸਨ ਮੇਰੇ ਦਸੇ ਅਨੁਸਾਰ ਇਕ ਸਾਲ ਤਕ ਸਿਮਰਨ ਕਰੋ ਤੇ ਫਿਰ ਜੇ ਆਤਮਾ-ਪ੍ਰਮਾਤਮਾ ਬਾਰੇ ਪੁਛਣਾ ਹੋਏ ਤਾਂ ਪੁਛ ਲੈਣਾ। ਪਰ ਇਕ ਸਾਲ ਦੇ ਪੱਕੇ ਸਿਮਰਨ ਅਭਿਆਸੀ ਨੂੰ ਆਪੇ ਹੀ ਆਪਣੀ ਆਤਮਾ ਲਭ ਪੈਂਦੀ ਸੀ ਤੇ ਪ੍ਰਮਾਤਮਾ ਦੀ ਝਲਕ ਪੈ ਜਾਂਦੀ ਸੀ। ਉਦੋਂ ਉਸ ਨੂੰ ਆਤਮਾ-ਪ੍ਰਮਾਤਮਾ ਬਾਰੇ ਪੁਛਣ ਦੀ ਲੋੜ ਹੀ ਨਹੀਂ ਰਹਿੰਦੀ ਸੀ ਕਿਉਂਕਿ ਉਹ ਹੁਣ **ਜਾਣਦਾ ਸੀ।** ਬੁਧ ਕਹਿੰਦੇ ਸਨ ਉਦਮ ਕਰੋ, ਫ਼ਲ ਨਿਸ਼ਚੇ ਲਗੇਗਾ।

**ਦੂਸਰਾ ਵਿਚਾਰ ਹੈ ਕਿ ਵਾਹਿਗੁਰੂ ਦੀ ਕ੍ਰਿਪਾ ਦੀ ਲੋੜ ਹੈ।** ਇਸ ਵਿਚਾਰ ਉਪਰ ਭਗਤੀ ਮਾਰਗ ਵਾਲਿਆਂ ਦਾ ਜ਼ਿਆਦਾ ਵਿਸ਼ਵਾਸ਼ ਹੈ। ਸਿੱਖੀ ਬਹੁਤਾ ਕਰਕੇ ਭਗਤੀ ਮਾਰਗ ਦੀ ਅਨੁਯਾਈ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪੰਨੇ ਤੇ ਪਹਿਲੀ ਸਤਰ ਵਿਚ ਹੀ "ਗੁਰ ਪ੍ਰਸਾਦਿ" ਲਿਖ ਦਿੱਤਾ ਗਿਆ ਹੈ। ਸਿੱਖੀ ਦੇ ਮਾਰਗ ਵਿਚ ਗੁਰੂ ਦੀ ਕਿਰਪਾ ਦੀ ਲੋੜ ਹੈ। ਉਸ ਦੇ ਕਰਮ ਦੀ ਲੋੜ ਹੈ। ਗੁਰ-ਵਾਕ ਹੈ—

— ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ ॥

(ਪਨਾ ੩੧੩)



Digitized by Panjab Digital Library | www.panjabdigilib.org

— ਆਪਨ ਕੀਆ ਕਛੂ ਨ ਹੋਇ । ਜੇ ਸਉ ਪ੍ਰਾਨੀ ਲੋਚੈ ਕੋਇ ॥
(ਪੰਨਾ ੨੮੨)

— ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥
ਗਤਿ ਨਾਨਕ ਜਪਿ ਏਕ ਹਰਿ ਨਾਮ ॥ (ਪੰਨਾ ੨੮੨)

— ਕਰਮੁ ਹੋਵੈ ਗੁਰੁ ਭਗਤ ਦ੍ਰਿੜਾਏ ।
ਵਿਣੁ ਕਰਮਾ ਕਿਉ ਪਾਇਆ ਜਾਏ ॥ (ਪੰਨਾ ੧੦੬੧)

ਫ਼ਸਲ ਤਾਂ ਸਾਰੇ ਹੀ ਬੀਜਦੇ ਹਨ ਪਰ ਫਲਦੀ ਫੁਲਦੀ ਉਨ੍ਹਾਂ ਦੀ ਹੀ ਹੈ ਜਿਨ੍ਹਾਂ ਉਪਰ ਹਰੀ ਦੀ ਕਿਰਪਾ ਹੋਏ ।

— ਸਭੁ ਕੋ ਬੀਜੇ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ ।
(ਪੰਨਾ ੩੦੪)

ਗੁਰੂ ਦੀ ਕਿਰਪਾ ਸਿੱਖੀ ਦਾ ਕੇਂਦਰੀ ਸਿਧਾਂਤ ਹੈ । ਇਸੇ ਲਈ ਸਾਨੂੰ ਜਪੁ ਜੀ ਸਾਹਿਬ ਵਿਚ ਰੋਜ਼ ਦ੍ਰਿੜ੍ਹ ਕਰਾਇਆ ਜਾਂਦਾ ਹੈ । 'ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ।' ਪਰ ਇਹ ਸਵਾਲ ਫਿਰ ਵੀ ਬਣਿਆ ਰਹਿੰਦਾ ਹੈ ਕਿ ਉਸ ਦੀ ਕਿਰਪਾ ਦੀ ਲੋੜ ਕਿਉਂ ਹੈ ?

ਇਸ ਤਰ੍ਹਾਂ ਸਮਝੋ । ਬਿਉਪਾਰ ਵਿਚ ਦੋ ਪਾਰਟੀਆਂ ਹੁੰਦੀਆਂ ਹਨ—ਇਕ ਵੇਚਣ ਵਾਲਾ ਤੇ ਇਕ ਖਰੀਦਣ ਵਾਲਾ । ਸੌਦਾ ਦੋਹਾਂ ਦੀ ਮਰਜ਼ੀ ਨਾਲ ਹੀ ਸਿਰੇ ਚੜ੍ਹ ਸਕਦਾ ਹੈ । ਵੇਚਣ ਵਾਲਾ ਪਏ ਆਪਣੇ ਮਾਲ ਦੀ ਤਾਰੀਫ ਕਰੇ, ਪਰ ਜੇ ਖਰੀਦਣ ਵਾਲੇ ਨੂੰ ਮਾਲ ਪਸੰਦ ਨਹੀਂ ਤਾਂ ਮਾਲ ਵਿਕ ਨਹੀਂ ਸਕਦਾ । ਇਹੀ ਗੱਲ ਭਗਤੀ ਦੇ ਮਾਰਗ ਵਿਚ ਹੈ । ਇਥੇ ਵੀ ਦੋ ਹਨ—ਭਗਤ ਤੇ ਭਗਵਾਨ, ਪ੍ਰੀਤਮ ਤੇ ਪ੍ਰਿਅਸੀ, ਆਸ਼ਕ ਤੇ ਮਾਸ਼ੂਕ । ਭਗਤੀ ਤਾਂ ਹੀ ਪ੍ਰਵਾਨ ਹੋ ਸਕਦੀ ਹੈ ਜੇ ਭਗਵਾਨ ਨੂੰ ਭਾ ਜਾਏ । ਇਹ ਪ੍ਰੇਮ ਦਾ ਸੌਦਾ ਹੈ ਤੇ ਇਸ ਨੂੰ ਜ਼ਬਰਦਸਤੀ ਨਹੀਂ ਵੇਚਿਆ ਜਾ ਸਕੀਦਾ । ਅਸੀਂ ਆਪਣੇ ਵਲੋਂ ਪ੍ਰੇਮ ਕਰ ਸਕਦੇ ਹਾਂ ਪਰ ਦੂਸਰੇ ਨੂੰ ਸਾਡਾ ਪ੍ਰੇਮ ਕਬੂਲਣ ਲਈ ਕਿਵੇਂ ਮਜਬੂਰ ਕਰ ਸਕਦੇ ਹਾਂ । ਦੂਸਰਾ ਪ੍ਰੇਮ ਕਰੇ ਨ ਕਰੇ, ਉਸ ਦੀ ਮਰਜ਼ੀ । ਹੁਣ ਪ੍ਰੇਮ ਕਰਨ ਲਈ ਕੋਈ ਨਿਯਮ ਤਾਂ ਬਣਾਏ ਨਹੀਂ ਜਾ ਸਕਦੇ ਕਿ ਇਉਂ ਕਰੋ ਤਾਂ ਪ੍ਰੇਮ



Digitized by Panjab Digital Library | www.panjabdigilib.org

ਵਿਚ ਸਫਲਤਾ ਹੋਏਗੀ। ਫਿਰ ਵੀ ਇੰਗਲੈਂਡ ਵਿਚ ਇਕ ਸਕੂਲ (School for Scoundrels) ਹੈ ਜਿਹੜਾ ਮਰਦ-ਇਸਤਰੀ ਨੂੰ ਪ੍ਰੇਮ ਕਰਨ ਦੇ ਗੁਰ ਸਿਖਾਂਦਾ ਹੈ। ਇਹ ਸੌਦਾ ਦਿਲ ਦਾ ਹੈ ਤੇ ਇਥੇ ਦੋ ਤੇ ਦੋ ਪੰਜ ਵੀ ਹੋ ਸਕਦੇ ਹਨ। ਜੇ ਭਾਈ ਅਮਰਦਾਸ ਜੀ (ਗੁਰੂ ਬਣਨ ਤੋਂ ਪਹਿਲਾਂ) ੯੨ ਸਾਲ ਦੀ ਵੱਡੀ ਉਮਰ ਵਿਚ ਸਰਦੀਆਂ ਵਿਚ ਸਵੇਰੇ ਤਿੰਨ ਵਜੇ ਪਾਣੀ ਦੀ ਗਾਗਰ ਭਰ ਕੇ ਅੰਧੇਰੇ ਵਿਚ ਠੇਡੇ ਖਾਂਦੇ ਹਨ ਤੇ ਲੋਕਾਂ ਦੇ ਤਾਹਨੇ-ਮਿਹਣੇ ਸੁਣਦੇ ਹਨ ਤਾਂ ਇਸ ਵਿਉਪਾਰ ਦਾ ਜਵਾਬ ਦਿਮਾਗ ਰਾਹੀਂ ਨਹੀਂ ਮਿਲ ਸਕਦਾ। ਦਿਮਾਗ ਤਾਂ ਕਹੇਗਾ ਕਿ ਇਵੇਂ ਕਰਨਾ ਗਲਤ ਸੀ ਪਰ ਦਿਲ ਹੈ ਕਿ ਮਾਨਤਾ ਹੀ ਨਹੀਂ। ਭਾਈ ਅਮਰਦਾਸ ਜੀ ਨੇ ਦਿਲ ਦੀ ਸੁਣੀ ਦਿਮਾਗ ਦੀ ਨਹੀਂ ਤੇ ਅਖੀਰ ਪ੍ਰੇਮ ਦੇ ਸੌਦੇ ਵਿਚ ਸਫਲ ਹੋਏ। ਸੋ ਪਿਆਰ ਦੇ ਮਾਰਗ ਵਿਚ, ਭਗਤੀ ਦੇ ਮਾਰਗ ਵਿਚ, ਦੂਸਰੇ ਦੀ (ਗੁਰੂ ਦੀ) ਕਿਰਪਾ ਦੀ ਲੋੜ ਬਣੀ ਰਹੇਗੀ।

ਦੂਸਰੇ ਦੀ ਕਿਰਪਾ ਦਾ ਇਕ ਕਾਰਣ ਹੋਰ ਵੀ ਹੈ। ਅਸੀਂ ਸੱਚਖੰਡ ਅੰਦਰ ਜਾਣਾ ਹੈ ਤੇ ਇਸ ਖੰਡ ਦੇ ਦੁਆਰ ਤੇ ਤਾਲਾ ਪਿਆ ਹੋਇਆ ਹੈ। ਇਸ ਦੀ ਚਾਬੀ ਸਾਡੇ ਕੋਲ ਨਹੀਂ, ਦੂਸਰੇ ਕੋਲ ਹੈ। ਇਹ ਦੁਆਰ ਦੂਸਰੇ ਦੀ ਮਰਜ਼ੀ ਨਾਲ (ਜਿਸ ਕੋਲ ਚਾਬੀ ਹੈ) ਹੀ ਖੁਲ੍ਹ ਸਕਦਾ ਹੈ। ਇਸੇ ਲਈ ਗੁਰਬਾਣੀ ਕਹਿੰਦੀ ਹੈ—

— ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ (ਪੰਨਾ ੨)

ਅਸੀਂ ਆਪਣੇ ਕਰਮਾਂ ਰਾਹੀਂ ਮਨੁੱਖੀ ਸਰੀਰ ਤਾਂ ਲੈ ਸਕਦੇ ਹਾਂ ਪਰ ਵਾਹਿਗੁਰੂ ਦੇ ਮਹਿਲ ਵਿਚ ਵਾਸਾ ਨਹੀਂ ਕਰ ਸਕਦੇ। ਉਸ ਦੇ ਘਰ ਵਸਣ ਲਈ ਉਸ ਦੀ ਰਜ਼ਾ ਦੀ ਲੋੜ ਹੈ। ਅਸੀਂ ਆਪਣੇ ਧਰਮ ਰਾਹੀਂ ਗੁਰ-ਦੁਆਰ ਤਕ ਅਪੜ ਸਕਦੇ ਹਾਂ ਪਰ ਗੁਰੂ ਦਰਬਾਰਿ ਤਕ ਨਹੀਂ ਅਪੜ ਸਕਦੇ ਕਿਉਂਕਿ ਦੁਆਰ ਬੰਦ ਹੈ। ਅਸੀਂ ਕਿੰਨੇ ਵੀ ਹੁਸ਼ਿਆਰ ਕਾਰੀਗਰ ਕਿਉਂ ਨ ਹੋਈਐ ਉਸ ਦੁਆਰ ਦੀ ਚਾਬੀ ਨਹੀਂ ਬਣਾ ਸਕਦੇ, ਨਾ ਹੀ ਉਹ ਦੁਆਰ ਖੋਲ੍ਹ ਸਕਦੇ ਹਾਂ। ਦੁਨੀਆਂ ਦਾ ਮਸ਼ਹੂਰ ਜਾਦੂਗਰ ਹੋਇਆ ਹੈ ਹਉਡੀਨੀ (Houdini)। ਉਸ ਬਾਰੇ ਪ੍ਰਸਿੱਧ ਸੀ ਕਿ ਉਹ ਹਰ ਪ੍ਰਕਾਰ ਦੇ ਤਾਲੇ ਖੋਲ੍ਹ ਲੈਂਦਾ ਸੀ। ਉਸ ਨੂੰ ਹਥਕੜੀਆਂ ਲਾਈਆਂ ਗਈਆਂ, ਜ਼ੰਜੀਰਾਂ ਨਾਲ ਬੰਨ੍ਹਿਆ ਗਿਆ, ਲੋਹੇ ਦੇ ਸੰਦੂਕਾਂ ਵਿਚ ਬੰਦ ਕਰਕੇ ਸਮੁੰਦਰ ਵਿਚ ਡੋਬਿਆ ਗਿਆ ਪਰ ਉਹ ਹਰ ਵਾਰੀ ਦੋ ਮਿੰਟਾਂ ਦੇ ਅੰਦਰ ਅੰਦਰ ਤਾਲੇ ਖੋਲ੍ਹ ਕੇ ਬਾਹਰ ਨਿਕਲ ਆਂਦਾ



Digitized by Panjab Digital Library | www.panjabdigilib.org

ਸੀ। ਉਸਨੇ ਕਈ ਪਬਲਿਕ ਪ੍ਰਦਰਸ਼ਨੀਆਂ ਕੀਤੀਆਂ ਤੇ ਹਮੇਸ਼ਾ ਸਫਲ ਰਿਹਾ। ਉਸ ਨੇ ਦੋ ਮਿੰਟਾਂ ਤੋਂ ਵਧ ਕਦੇ ਨਹੀਂ ਲਾਏ। ਇਕ ਵਾਰੀ ਉਸ ਨੂੰ ਇਕ ੬'×੬'× ੬' ਸਾਈਜ਼ ਦੇ ਲੋਹੇ ਦੇ ਮੋਟੇ ਸੰਦੂਕ ਵਿਚ ਬੰਦ ਕਰ ਦਿੱਤਾ ਗਿਆ। ਉਹ ਉਸ ਸੰਦੂਕ ਵਿਚੋਂ ਬਾਹਰ ਨਹੀਂ ਨਿਕਲ ਸਕਿਆ। ਉਸ ਨੇ ਤਾਲਾ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਸ ਨੂੰ ਤਾਲਾ ਨਹੀਂ ਲੱਭਿਆ। ਉਸ ਦੀਆਂ ਅੱਖਾਂ ਤੇ ਪੱਟੀ ਬਝੀ ਸੀ ਤੇ ਉਹ ਟਟੋਲ ਟਟੋਲ ਕੇ ਤਾਲਾ ਲੱਭ ਰਿਹਾ ਸੀ। ਤਾਲਾ ਲੱਭਾ ਨਹੀਂ। ਦੋ ਘੰਟੇ ਹੋ ਗਏ ਪਰ ਉਹ ਬਾਹਰ ਨਹੀਂ ਆ ਸਕਿਆ। ਘਬਰਾਹਟ ਤੇ ਬਦਨਾਮੀ ਦੇ ਡਰੋਂ ਉਹ ਬੇਹੋਸ਼ ਹੋਕੇ ਡਿਗ ਪਿਆ। ਡਿਗਦੇ ਸਮੇਂ ਉਸ ਸੰਦੂਕ ਦੇ ਬੂਹੇ ਨਾਲ ਟਕਰਾਇਆ ਤੇ ਬੂਹਾ ਖੁਲ੍ਹ ਗਿਆ ਕਿਉਂਕਿ ਉਸ ਨੂੰ ਤਾਲਾ ਲੱਗਾ ਹੀ ਨਹੀਂ ਸੀ। ਤਾਲਾ ਲਾਣ ਵਾਲੇ ਤਾਲਾ ਲਾਣਾ ਭੁੱਲ ਗਏ ਸਨ। ਹਉਡੀਨੀ ਤਾਲਾ ਲੱਭ ਰਿਹਾ ਸੀ ਤੇ ਤਾਲਾ ਤਾਂ ਹੀ ਲੱਭੇ ਜੇ ਇਸ ਦਾ ਕੋਈ ਵਜੂਦ ਹੋਏ। ਉਸ ਦੀਆਂ ਅੱਖਾਂ ਤੇ ਪੱਟੀ ਬੰਨ੍ਹੀ ਹੋਈ ਸੀ ਇਸ ਲਈ ਦੇਖ ਵੀ ਨਹੀਂ ਸਕਦਾ ਸੀ ਕਿ ਤਾਲਾ ਤਾਂ ਹੈ ਹੀ ਨਹੀਂ।

ਇਹੀ ਹਾਲਤ ਸਾਡੀ ਹੈ। ਸਾਡੀਆਂ ਅੱਖਾਂ ਤੇ ਹਉਮੈਂ ਦੀ ਪੱਟੀ ਬਧੀ ਹੋਈ ਹੈ, ਸਾਨੂੰ ਦਿਸਦਾ ਨਹੀਂ। ਅਸੀਂ ਬੰਦ ਅੱਖਾਂ ਕਰਕੇ ਖੁੱਲ੍ਹੇ ਦਰਵਾਜ਼ੇ ਨੂੰ ਬੰਦ ਸਮਝੀ ਬੈਠੇ ਹਾਂ ਤੇ ਆਪਣੀ ਸਾਰੀ ਮਿਹਨਤ ਉਸ ਤਾਲੇ ਨੂੰ ਖੋਲ੍ਹਣ ਵਿਚ ਲਾ ਰਹੇ ਹਾਂ ਜਿਹੜਾ ਹੈ ਹੀ ਨਹੀਂ ਤੇ ਅੰਤ ਬੇਹੋਸ਼ੀ ਤੇ ਸ਼ਰਮਿੰਦਗੀ ਹੱਥ ਲਗਦੀ ਹੈ। ਇਸੇ ਲਈ ਗੁਰੂ ਨਾਨਕ ਦੇਵ ਜੀ ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਇਹ ਸਵਾਲ ਉਠਾਂਦੇ ਹਨ ਕਿ ਕੂੜ ਦੀ, ਅਗਿਆਨਤਾ ਦੀ ਕੰਧ (ਪਾਲ) ਕਿਵੇਂ ਟੁਟੇ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਤੇ ਆਪ ਹੀ ਜਵਾਬ ਦੇਂਦੇ ਹਨ ਕਿ ਇਹ ਕੰਧ ਉਸ ਦੇ ਹੁਕਮ ਨੂੰ ਸਮਝਣ ਤੇ ਉਸ ਉਤੇ ਚਲਣ ਨਾਲ ਟੁਟਦੀ ਹੈ। 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।' ਇਹ ਕੰਧ ਕੱਚੀ ਹੈ ਤੇ ਇਸ ਦੇ ਢਹਿੰਦਿਆਂ ਸਾਰ ਹੀ ਸਾਮ੍ਹਣੇ ਖੁਲ੍ਹਾ ਦਰਬਾਰ ਦਿਸੇਗਾ। ਗੁਰੂ ਦਾ ਦੁਆਰ ਤਾਂ ਖੁਲ੍ਹਾ ਹੀ ਹੈ ਸਿਰਫ਼ ਸਾਡੀਆਂ ਅੱਖਾਂ ਤੇ ਪੱਟੀ (ਜਾਂ ਪਾਲਿ) ਬਝੀ ਹੋਈ ਹੈ। ਇਸ ਹਉਮੈਂ ਦੀ ਪੱਟੀ ਨੂੰ ਲਾ ਸੁਟੋ ਤੇ ਗੁਰੂ ਦੁਆਰ ਲੰਘ ਕੇ ਗੁਰ-ਦਰਬਾਰ ਵਿਚ ਚਲੇ ਜਾਉ। ਇਹੀ ਅਰਥ ਹੈ ਉਸ ਦੇ ਹੁਕਮ ਦਾ। ਗੁਰੂ ਆਪਣੀ ਬਖਸ਼ਸ਼ ਰਾਹੀਂ ਸਮਝਾ ਸਕਦਾ ਹੈ ਕਿ ਦੁਆਰ ਖੁਲ੍ਹਾ ਹੀ ਹੈ, ਅਗੇ ਵਧੋ। ਅਸੀਂ ਆਪ ਕਿਵੇਂ ਸਮਝਾਂਗੇ ਕਿ ਦੁਆਰ ਖੁਲ੍ਹਾ ਹੈ।



Digitized by Panjab Digital Library | www.panjabdigilib.org

ਅਸੀਂ ਤਾਂ ਚਾਬੀ ਲੱਭਦੇ ਫਿਰਾਂਗੇ ਤੇ ਹਊਡੀਨੀ ਵਾਂਗ ਟਕਰਾਂ ਮਾਰ ਮਾਰ ਕੇ ਬੇਹੋਸ਼ ਹੋ ਜਾਵਾਂਗੇ। ਗੁਰੂ ਦੀ ਕਿਰਪਾ ਇਸੇ ਵਿਚ ਹੈ ਕਿ ਉਹ ਸਾਨੂੰ ਗਿਆਨ ਦੇਂਦਾ ਹੈ ਤੇ ਅਜਾਈਂ ਮਿਹਨਤ ਤੋਂ ਸਾਨੂੰ ਬਚਾ ਲੈਂਦਾ ਹੈ। ਆਸਾ ਦੀ ਵਾਰ ਵਿਚ ਦੁਆਰਾ ਖੋਲ੍ਹਣ ਦਾ ਜ਼ਿਕਰ ਆਉਂਦਾ ਹੈ—

— ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥
(ਪੰਨਾ ੪੬੬)

— ਸਤਿਗੁਰਿ ਮਿਲਿਐ ਸਚੁ ਪਾਇਆ ॥
ਜਿਨ੍ਹ ਕੈ ਹਿਰਦੈ ਸਚੁ ਵਸਾਇਆ ॥
ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ ॥
(ਪੰਨਾ ੪੬੭)

— ਬਿਨੁ ਸਤਿਗੁਰ ਕਿਨੈ ਨ ਪਾਇਓ
ਬਿਨੁ ਸਤਿਗੁਰ ਕਿਨੈ ਨ ਪਾਇਆ ॥ (ਪੰਨਾ ੪੬੬)

ਜਿਸ ਉਪਰ ਗੁਰੂ ਦੀ ਕਿਰਪਾ ਹੋ ਜਾਂਦੀ ਹੈ, ਜਿਸ ਨੂੰ ਗੁਰੂ ਸੱਚ ਸਮਝਾ ਦੇਂਦਾ ਹੈ, ਉਹ ਗੁਰ ਦਰਬਾਰ ਅੰਦਰ ਚਲਾ ਜਾਂਦਾ ਹੈ। ਉਸ ਦਾ ਸੰਬੰਧ ਮਹਾਬਲੀ (ਰੱਬ) ਨਾਲ ਹੋ ਜਾਂਦਾ ਹੈ ਤੇ ਉਹ ਆਪ ਵੀ ਬਲਵਾਨ ਹੋ ਜਾਂਦਾ ਹੈ। ਇਸੇ ਲਈ ਇਸ ਖੰਡ ਦੀ ਪਹਿਚਾਣ (ਬਾਣੀ) ਜ਼ੋਰ ਹੈ, ਸ਼ਕਤੀ ਹੈ। ਇਥੇ ਸਿਰਫ ਸ਼ਕਤੀਸ਼ਾਲੀ ਹੀ ਰਹਿੰਦੇ ਹਨ।

**ਤਿਥੈ ਜੋਧ ਮਹਾਬਲ ਸੂਰ। ਤਿਨ ਮਹਿ ਰਾਮੁ ਰਹਿਆ ਭਰਪੂਰ ॥**

ਕਰਮ ਖੰਡ ਵਿਚ ਜੋਧੇ, ਬਲਵਾਨ ਤੇ ਸੂਰਮੇ ਹੀ ਰਹਿੰਦੇ ਹਨ। ਪਰ ਬਲਵਾਨ ਕੌਣ ਹੈ? ਇਥੇ ਸਰੀਰਕ ਬਲ ਦੀ ਗੱਲ ਨਹੀਂ ਹੋ ਰਹੀ, ਸੰਸਾਰਕ ਬਲ ਦੀ ਗੱਲ ਨਹੀਂ ਹੋ ਰਹੀ। ਇਥੇ ਆਤਮਕ ਬਲ ਦੀ ਗੱਲ ਹੋ ਰਹੀ ਹੈ। ਇਥੇ ਉਸ ਬਲ ਦੀ ਗੱਲ ਹੋ ਰਹੀ ਹੈ ਜਿਹੜਾ ਮੌਤ ਨੂੰ ਜਿੱਤਣ ਨਾਲ ਮਿਲਦਾ ਹੈ। ਇਥੇ ਮਹਾਬਲੀ ਉਹ ਹੈ ਜਿਸ ਨੇ ਕਾਮ, ਕਰੋਧ, ਲੋਭ, ਮੋਹ, ਹਉਂ ਨੂੰ ਜਿੱਤ ਲਿਆ। ਇੱਥੇ ਉਸ



Digitized by Panjab Digital Library | www.panjabdigilib.org

ਸੂਰਮੇ ਦੀ ਗੱਲ ਨਹੀਂ ਹੋ ਰਹੀ ਜਿਹੜਾ ਮੌਤ ਦੇ ਡਰੋਂ ਰਣ ਭੂਮੀ ਤੋਂ ਭੱਜ ਜਾਏ, ਨਾ ਉਸ ਇਸਤਰੀ ਦੀ ਗੱਲ ਹੋ ਰਹੀ ਹੈ ਜਿਹੜੀ ਸਤੀ ਹੋਣ ਦਾ ਨਿਰਣੈ ਲੈ ਕੇ ਫਿਰ ਟਾਲ-ਮਟੋਲ ਕਰੇ। ਇਥੇ ਉਸ ਦੀ ਗੱਲ ਹੋ ਰਹੀ ਹੈ ਜਿਸ ਨੇ ਇਕ ਵਾਰੀ ਸਤੀ ਹੋਣ ਲਈ "ਸੰਦੌਰਾ" ਚੁੱਕ ਲਿਆ, ਸੋ ਚੁਕ ਲਿਆ। ਸੰਦੌਰਾ ਉਸ ਸੰਧੂਰ ਲੱਗੇ ਨਾਰੀਅਲ ਨੂੰ ਕਹਿੰਦੇ ਹਨ ਜਿਹੜੀ ਇਸਤਰੀ ਸਤੀ ਹੋਣ ਦਾ ਨਿਰਣੈ ਲੈ ਕੇ, ਚੁੱਕਦੀ ਹੈ। ਸੰਦੌਰਾ ਪ੍ਰਤੀਕ ਹੈਕਿ ਉਸ ਇਸਤਰੀ ਨੇ ਮੌਤ ਦਾ ਡਰ ਮਨੋ ਕੱਢ ਦਿੱਤਾ ਹੈ ਤੇ ਉਹ ਮੌਤ ਨੂੰ ਗਲਵਕੜੀ ਪਾਣ ਨੂੰ ਤਿਆਰ ਹੈ। ਇਸ ਬਾਰੇ ਗੁਰਬਾਣੀ ਕਹਿੰਦੀ ਹੈ :—

— ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

(ਪੰਨਾ ੧੧੦੫)

— ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ ॥
ਮਰਨੈ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ ॥

(ਪੰਨਾ ੧੩੬੮)

— ਡਗਮਗ ਛਾਡਿ ਰੇ ਮਨ ਬਉਰਾ।
ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥

(ਪੰਨਾ ੩੩੮)

ਗੁਰੂ ਤੇਗ ਬਹਾਦਰ ਜੀ ਨੂੰ "ਤੇਗ਼ ਬਹਾਦੁਰ" ਦਾ ਨਾਂ ਉਦੋਂ ਮਿਲਿਆ ਜਦੋਂ ਆਪ ਜੀ ਨੇ ਛੋਟੀ ਉਮਰ ਵਿਚ ਲੜਾਈ ਲੜੀ ਤੇ ਤੇਗ਼ (ਤਲਵਾਰ) ਐਨੀ ਨਿਡਰਤਾ ਨਾਲ ਵਾਹੀ ਕਿ ਦੇਖਣ ਵਾਲੇ ਅਸ਼-ਅਸ਼ ਕਹਿ ਉੱਠੇ। ਆਪ ਲੜਾਈ ਵਿਚ ਉਤਰੇ ਤਾਂ ਅੱਗੇ, ਹੋਰ ਅੱਗੇ ਹੀ ਵੱਧਦੇ ਗਏ। ਵੈਰੀਆਂ ਦੀ ਗਿਣਤੀ, ਨੋਕੀਲੇ ਨੇਜ਼ੇ, ਤਿੱਖੀਆਂ ਤਲਵਾਰਾਂ, ਮਸਤ ਹਾਥੀ, ਤੇਜ਼ ਘੋੜੇ—ਕੋਈ ਵੀ ਆਪ ਜੀ ਨੂੰ ਡਰਾ ਨਾ ਸਕਿਆ ਤੇ ਨਾ ਰਾਹ ਰੋਕ ਸਕਿਆ। ਇਸ ਲਈ ਇਸ ਮੌਤ ਦੇ ਜੇਤੂ ਨੂੰ "ਤੇਗ਼ ਬਹਾਦਰ" ਕਿਹਾ ਗਿਆ। ਜੈਨੀਆਂ ਦੇ ਅਖੀਰਲੇ ਗੁਰੂ ਨੂੰ "ਮਹਾਬਲੀ" ਕਹਿੰਦੇ ਹਨ। ਕਿਉਂ ? ਉਸ ਕੋਲ ਕੀ ਬਲ ਸੀ ? ਕੋਈ ਮਕਾਨ ਨਹੀਂ, ਕੋਈ ਜਾਇਦਾਦ ਨਹੀਂ



Digitized by Panjab Digital Library | www.panjabdigilib.org

(ਉਸ ਨੇ ਅਪਣਾ ਰਾਜ ਪਾਟ ਤਿਆਗ ਦਿੱਤਾ ਸੀ), ਕੋਈ ਪਦ ਨਹੀਂ, ਕੋਈ ਪੁਜ਼ੀਸ਼ਨ ਨਹੀਂ। ਇਥੋਂ ਤੱਕ ਕਿ ਉਸ ਕੋਲ ਕੋਈ ਕਪੜਾ ਵੀ ਨਹੀਂ ਸੀ। ਉਹ ਬਿਲਕੁੱਲ ਨੰਗਾ ਹੀ ਰਹਿੰਦਾ ਸੀ। ਉਸ ਕੋਲ ਕੋਈ ਸੰਸਾਰੀ ਬਲ ਨਹੀਂ ਸੀ। ਫਿਰ ਉਹ ਮਹਾਬਲੀ ਕਿਸ ਤਰ੍ਹਾਂ ਹੋਇਆ ? ਕਿਉਂਕਿ ਉਸ ਨੇ ਪੰਜ ਵੈਰੀਆਂ (ਕਾਮ, ਕ੍ਰੋਧ, ਲੋਭ, ਮੋਹ ਤੇ ਹਉਂ) ਨੂੰ ਜਿੱਤ ਲਿਆ ਸੀ ਤੇ ਉਨ੍ਹਾਂ ਰਾਹੀਂ ਪਾਏ ਵਿਕਾਰਾਂ ਨੂੰ ਮਿਟਾ ਦਿੱਤਾ ਸੀ। ਸੋ ਮਹਾਬਲੀ ਉਹ ਹੈ, ਸੂਰਾ ਉਹ ਹੈ, ਜੋਧਾ ਉਹ ਹੈ, ਜਿਸ ਨੇ ਪੰਜ ਦੂਤਾਂ ਨੂੰ ਵੱਸ ਕਰ ਲਿਆ ਤੇ ਕਾਲ (ਮੌਤ) ਦੇ ਡਰ ਨੂੰ ਮਾਰ ਦਿੱਤਾ। ਇਸੇ ਲਈ ਅਸੀਂ ਅਨੰਦ ਸਾਹਿਬ ਵਿਚ ਪੜ੍ਹਦੇ ਹਾਂ—

— ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥

(ਪੰਨਾ ੯੧੭)

ਜਿਸ ਸ਼ਕਤੀਸ਼ਾਲੀ ਨੇ ਪੰਚ ਦੂਤ ਵਸ ਕਰ ਲਏ ਉਸੇ ਦੇ ਹਿਰਦੇ ਵਿਚ ਰਾਮ (ਵਾਹਿਗੁਰੂ) ਵਸ ਗਿਆ।

## ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾਕੇ ਰੂਪ ਨ ਕਥਨੇ ਜਾਹਿ।

ਅਸੀਂ ਰਮਾਇਣ ਬਹੁਤ ਦੇਖੀ ਪੜ੍ਹੀ ਸੁਣੀ ਹੈ। ਟੀ. ਵੀ. ਤੇ ਵੀ ਸਾਰੀ ਰਾਮਾਇਣ ਦਿਖਾਈ ਗਈ ਸੀ। ਰਾਮਾਇਣ ਦੇ ਮੁਖ ਪਾਤਰ ਤਿੰਨ ਹਨ—ਸੀਤਾ, ਰਾਮ ਤੇ ਰਾਵਣ। ਅਸਲ ਵਿਚ ਇਹ ਪ੍ਰਤੀਕ ਹਨ। ਇਤਿਹਾਸ ਵਿਚ ਰਾਮ ਹੋਇਆ ਹੋਏ ਨਾ ਹੋਇਆ ਹੋਏ, ਇਸ ਨਾਲ ਇਥੇ ਬਹਿਸ ਨਹੀਂ। ਅਸਲ ਵਿਚ ਇਹ ਮੁਖ ਪਾਤਰ ਮਨੁੱਖੀ ਮਨ ਦੀ ਦਸ਼ਾ ਦਰਸਾਉਂਦੇ ਹਨ। ਸੀਤਾ ਹੈ ਜੀਵ ਰੂਪੀ ਇਸਤਰੀ, ਰਾਮ ਹੈ ਭਗਵਾਨ ਜਿਸ ਨੂੰ ਜੀਵ ਰੂਪੀ ਇਸਤਰੀ ਨੇ ਪਾਣਾ ਹੈ ਤੇ ਰਾਵਣ ਹੈ ਕਾਮਨਾਵਾਂ ਜਿਸ ਨੇ ਜੀਵ ਰੂਪੀ ਇਸਤਰੀ (ਸੀਤਾ) ਨੂੰ ਆਪਣੇ ਕਬਜ਼ੇ ਵਿਚ ਕੀਤਾ ਹੋਇਆ ਹੈ। ਰਾਵਣ ਕੋਲ ਬੇਅੰਤ ਦੌਲਤ ਹੈ, ਉਸ ਦੀ ਸਾਰੀ ਨਗਰੀ (ਲੰਕਾ) ਹੀ ਸੋਨੇ ਦੀ ਬਣੀ ਹੋਈ ਹੈ। ਰਾਵਣ ਮਹਾਂ-ਸ਼ਕਤੀਸ਼ਾਲੀ ਹੈ ਕਿਉਂਕਿ ਉਸ ਨੇ ਸਾਰੇ ਦੇਵਤੇ ਜਿੱਤੇ ਹੋਏ ਹਨ—ਉਸ ਦੀ ਰਸੋਈ ਵਿਚ ਸੂਰਜ ਦੇਵਤਾ ਚਾਕਰੀ ਕਰਦਾ ਹੈ, ਪਵਨ ਦੇਵਤਾ ਝਾੜੂ ਕਰਦਾ ਹੈ। ਉਹ ਸਭ ਪ੍ਰਕਾਰ ਦੇ ਸੰਸਾਰਕ ਪਦਾਰਥਾਂ ਦਾ ਮਾਲਕ ਹੈ ਤੇ ਸਾਡੀਆਂ ਸੰਸਾਰਕ ਇੱਛਾਵਾਂ ਪੂਰੀਆਂ ਕਰ



Digitized by Panjab Digital Library | www.panjabdigilib.org

ਸਕਦਾ ਹੈ । ਸੀਤਾ ਰਾਵਣ ਦੇ ਕਬਜ਼ੇ ਵਿਚ ਹੈ, ਯਾਨੀ ਜੀਵ ਰੂਪੀ ਇਸਤਰੀ ਕਾਮਨਾਵਾਂ ਦੇ ਵਸ ਵਿਚ ਹੈ, ਇਸ ਲਈ ਰਾਮ ਨੂੰ ਮਿਲ ਨਹੀਂ ਸਕਦੀ । ਰਾਮ ਨੂੰ ਮਿਲਣ ਲਈ ਸੀਤਾ ਨੂੰ ਰਾਵਣ (ਕਾਮਨਾਵਾਂ) ਦਾ ਸਾਥ ਛੱਡਣਾ ਪਏਗਾ । ਪਰ ਜੀਵ (ਸੀਤਾ) ਕਾਮਨਾਵਾਂ (ਰਾਵਣ) ਦਾ ਤਿਆਗ ਕਰਨ ਨੂੰ ਤਿਆਰ ਨਹੀਂ । ਰਾਵਣ ਸੀਤਾ ਨੂੰ ਸਮਝਾਉਂਦਾ ਹੈ (ਯਾਨੀ ਕਾਮਨਾਵਾਂ ਜੀਵ ਨੂੰ ਸਮਝਾਉਂਦੀਆਂ ਹਨ) ਕਿ ਰਾਮ ਕੋਲ ਹੈ ਕੀ—ਨਾ ਕੱਪੜਾ, ਨਾ ਮਕਾਨ, ਨਾ ਧਨ, ਨਾ ਪਦਵੀ, ਨਾ ਠਾਠ, ਨਾ ਬਾਠ । ਮੇਰੇ ਕੋਲ ਰਹੋ । ਪਰ ਕੋਈ ਕੋਈ ਜੀਵ ਐਸਾ ਨਿਕਲ ਆਉਂਦਾ ਹੈ ਜਿਹੜਾ ਜਾਣ ਲੈਂਦਾ ਹੈ ਕਿ ਜਿਸ ਤਰ੍ਹਾਂ ਰਾਵਣ ਦਾ ਅੰਤ ਨਹੀਂ (ਉਹ ਅਮਰ ਸੀ) ਇਸ ਤਰ੍ਹਾਂ ਹੀ ਸਾਡੀਆਂ ਇੱਛਾਵਾਂ ਦਾ ਅੰਤ ਨਹੀਂ । ਇਸ ਲਈ ਰਾਵਣ ਰੂਪੀ ਇੱਛਾਵਾਂ ਦੇ ਮਗਰ ਲੱਗ ਕੇ, ਅਨੰਦ ਨਹੀਂ ਮਿਲ ਸਕਦਾ । ਜੇ ਆਨੰਦ, ਯਾਨੀ ਰਾਮ, ਚਾਹੀਦਾ ਹੈ ਤਾਂ ਰਾਵਣ, ਯਾਨੀ ਇੱਛਾਵਾਂ, ਕੋਲੋਂ ਪਿੱਛਾ ਛੁਡਾਣਾ ਪਏਗਾ । ਇਸ ਲਈ ਰਾਮਾਇਣ ਦੀ ਸੀਤਾ ਕਹਿੰਦੀ ਹੈ ਕਿ ਮੈਨੂੰ ਰਾਮ ਦੀ ਲੋੜ ਹੈ, ਰਾਵਣ ਦੀ ਨਹੀਂ । ਰਾਵਣ ਸਾਹਮਣੇ ਹਾਜ਼ਰ ਹੈ ਪਰ ਸੀਤਾ ਦਾ ਮਨ ਗੈਰ-ਹਾਜ਼ਰ ਰਾਮ ਦੇ ਗੁਣ ਗਾਉਣ ਵਲ ਲੱਗਾ ਹੋਇਆ ਹੈ । ਰਾਵਣ ਦਾ ਪ੍ਰਲੋਭਨ ਸੀਤਾ ਤੇ ਅਸਰ ਨਹੀਂ ਪਾਉਂਦਾ । ਸੀਤਾ ਰਾਮ ਦੀ ਮਹਿਮਾ ਗਾਉਣ ਤੇ ਵਿਚਾਰਨ ਵਿਚ ਹੀ ਲੀਨ (ਸੀਤੋ) ਹੈ, ਸੀਤੀ ਪਰੋਈ ਹੈ । ਇਸ ਤਰ੍ਹਾਂ ਹੀ ਜਿਹੜੀ ਸੀਤਾ ਰੂਪੀ ਇਸਤਰੀ (ਜੀਵ ਆਤਮਾ) ਆਪਣੇ ਰਾਮ (ਵਾਹਿਗੁਰੂ) ਦੀ ਮਹਿਮਾ ਗਾਉਣ ਵਿਚ ਸੀਤੀ ਹੋਈ ਹੈ, ਜੁੜੀ ਹੋਈ ਹੈ, ਉਸ ਉੱਤੇ ਰਾਮ (ਵਾਹਿਗੁਰੂ) ਦੀ ਬਖਸ਼ਸ਼ ਹੋ ਜਾਂਦੀ ਹੈ ।

ਜਿਸ ਉੱਤੇ ਪ੍ਰਭੂ ਦੀ ਕਿਰਪਾ ਹੋ ਜਾਏ ਉਸ ਦਾ ਰੂਪ ਅਨੂਪ ਹੋ ਜਾਂਦਾ ਹੈ । ਉਸ ਦੀ ਉਪਮਾ ਨਹੀਂ ਕੀਤੀ ਜਾ ਸਕਦੀ । ਸਰੀਰਕ ਸੁੰਦਰਤਾ ਕੋਈ ਮਹਿਨੇ ਨਹੀਂ ਰੱਖਦੀ । ਸਰੀਰਕ ਤੌਰ ਤੇ ਅਸੁੰਦਰ ਵੀ, ਜਿਨ੍ਹਾਂ ਦਾ ਆਤਮਕ ਦੀਪਕ ਜਗ ਗਿਆ ਹੈ, ਬੜੇ ਸੁੰਦਰ ਦਿਸਣ ਲੱਗਦੇ ਹਨ । ਸਾਡੇ ਸਰੀਰ ਉੱਤੇ ਉਹ ਅਲੌਕਿਕ ਸੁੰਦਰਤਾ ਛਾ ਜਾਂਦੀ ਹੈ ।

**ਲਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥**

ਸਾਧਾਰਣ ਅਰਥ ਤਾਂ ਇਹੀ ਹੈ ਕਿ ਜਿਸ ਦੇ ਹਿਰਦੇ ਅੰਦਰ ਰਾਮ ਵਸ



Digitized by Panjab Digital Library | www.panjabdigilib.org

ਜਾਂਦਾ ਹੈ ਉਹ ਨਾ ਮਰਦਾ ਹੈ ਤੇ ਨਾ ਹੀ ਠਗਿਆ ਜਾਂਦਾ ਹੈ। ਜਾਂ ਇਸ ਤਰ੍ਹਾਂ ਕਹਿ ਲਉ ਕਿ ਜਿਸ ਦੇ ਹਿਰਦੇ ਵਿਚ ਰਾਮ ਨਹੀਂ ਵਸਦਾ, ਉਹ ਮਰਦਾ ਵੀ ਹੈ ਤੇ ਠਗਿਆ ਵੀ ਜਾਂਦਾ ਹੈ। ਪਰ ਰਾਮ ਕੌਣ ?

ਪਹਿਲਾਂ 'ਰਾਮ' ਸ਼ਬਦ ਦਾ ਅਰਥ ਸਮਝੀਏ। ਇਥੇ ਰਾਮ ਤੋਂ ਮੁਰਾਦ ਰਾਮਾਇਣ ਦਾ ਰਾਮ ਜਾਂ ਰਾਜਾ ਰਾਮ ਨਹੀਂ। ਗੁਰਬਾਣੀ ਵਿਚ ਇਹ ਦੋਵੇਂ ਸ਼ਬਦ ਵਰਤੇ ਗਏ ਹਨ ਪਰ ਇਨ੍ਹਾਂ ਦਾ ਇਸ਼ਾਰਾ ਵਾਹਿਗੁਰੂ ਵਲ ਹੈ। ਗੁਰਬਾਣੀ ਦਾ "ਰਾਮ" ਜਾਂ "ਰਾਜਾ ਰਾਮ" ਸਭ ਥਾਂ ਸਮਾਇਆ ਹੋਇਆ ਹੈ, ਉਹ ਸਾਨੂੰ ਸਾਡੇ ਵਿਕਾਰਾਂ ਤੇ ਕਾਬੂ ਪਾਉਣ ਲਈ ਮਦਦ ਕਰਦਾ ਹੈ, ਸਾਨੂ ਭਵ-ਸਾਗਰ ਤੋਂ ਤਾਰਦਾ ਹੈ। ਗੁਰਵਾਕ ਹੈ—

— ਰਾਜਾ ਰਾਮੁ ਮਉਲਿਆ ਅਨਤ ਭਾਇ ॥
ਜਹ ਦੇਖਉ ਤਹ ਰਹਿਆ ਸਮਾਇ ॥

(ਪੰਨਾ ੧੧੯੩)

— ਰਾਜਾ ਰਾਮ ਤੂੰ ਐਸਾ ਨਿਰਭਉ ਤਰਨ ਤਾਰਨ ਰਾਮ ਰਾਇਆ ॥

(ਪੰਨਾ ੩੩੯)

— ਕਾਮ ਕਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤ ਬਿਗੂਤਾ ॥
ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ ॥

(ਪੰਨਾ ੩੩੮)

ਰਾਮ ਸਾਡੇ ਹਿਰਦਿਆ ਵਿਚ ਹੀ ਹੈ—

— ਸਭੈ ਘਟ ਰਾਮੁ ਬੋਲੈ ਰਾਮਾ ਬੋਲੈ। ਰਾਮ ਬਿਨਾ ਕੋ ਬੋਲੈ ਰੇ ॥

(ਪੰਨਾ ੯੮੮)

— ਸਭ ਘਟ ਆਪੇ ਭੋਗਣਹਾਰਾ। ਅਲਖੁ ਵਰਤੈ ਅਗਮ ਅਪਾਰਾ ॥

(ਪੰਨਾ ੧੧੩)


Digitized by Panjab Digital Library | www.panjabdigilib.org

— ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ।
ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥

(ਪੰਨਾ ੨੮੪)

— ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥
ਸਭ ਘਟ ਭੀਤਰਿ ਹਾਟੁ ਚਲਾਵੈ ॥

(ਪੰਨਾ ੭੯੪)

— ਸਭ ਏਕੋ ਇਕੁ ਵਰਤਦਾ ਅਲਖੁ ਨ ਲਖਿਆ ਜਾਇ ॥

(ਪੰਨਾ ੩੭)

ਸੋ ਰਾਮ ਤਾਂ ਸਾਰਿਆਂ ਹਿਰਦਿਆਂ ਵਿਚ ਧੜਕਦਾ ਹੈ ਪਰ ਉਸ ਦੀ ਧੜਕਣ ਸਾਰਿਆਂ ਨੂੰ ਨਹੀਂ ਸੁਣਦੀ । ਜਿਨ੍ਹਾਂ ਨੂੰ ਸੁਣਦੀ ਹੈ ਉਨ੍ਹਾਂ ਦੇ ਹਿਰਦੇ ਵਿਚ ਹੀ ਰਾਮ ਹੈ । ਇਕ ਸੁਣੀ ਸੁਣਾਈ ਗੱਲ ਨਹੀਂ ਰਹਿ ਜਾਂਦੀ । ਲੋਕੀ ਕਹਿੰਦੇ ਹਨ ਕਿ ਸਾਡੇ ਅੰਦਰ ਰਾਮ ਹੈ ਪਰ ਸਾਨੂੰ ਪਤਾ ਨਹੀਂ । ਤੇ ਜਦੋਂ ਤਕ ਆਪਣਾ ਆਤਮ ਰਾਮ ਨਾ ਪਛਾਣ ਲਈਏ, ਜਦੋਂ ਤਕ ਉਸ ਨਾਲ ਓਤ-ਪੋਤ ਨਾ ਹੋ ਜਾਈਏ, ਸਾਡੇ ਲਈ ਰਾਮ ਸਾਡੇ ਹਿਰਦੇ ਵਿਚ ਨਹੀਂ ਵਸਦਾ । ਗੁਰਮਤ ਲੈ ਕੇ ਤੇ ਉਸ ਉੱਤੇ ਚਲ ਕੇ, ਅੱਖਾਂ ਤੇ ਪਿਆ ਪੜਦਾ ਹਟਦਾ ਹੈ ਤੇ ਅੰਦਰ ਵਸਦਾ ਰਾਮ ਦਿਸਦਾ ਹੈ । ਗੁਰਵਾਕ ਹੈ—

— ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿਪੋਤਿ ॥

(ਪੰਨਾ ੩੦੯)

— ਸਭੁ ਆਤਮ ਰਾਮੁ ਪਛਾਣਿਆ ਗੁਰਮਤੀ ਨਿਜ ਘਰਿ ਵਾਸੁ ॥

(ਪੰਨਾ ੬੯)

— ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ ॥

(ਪੰਨਾ ੬੯)

ਸ਼ਬਦ 'ਆਤਮਰਾਮ' ਦੀ ਵਰਤੋਂ ਪੁਰਾਣੇ ਧਰਮ ਗ੍ਰੰਥਾਂ ਵਿਚ ਵੀ ਮਿਲਦੀ ਹੈ । ਇਹ ਸ਼ਬਦ ਗੁਰਬਾਣੀ ਵਿਚ ਵੀ ਕਈ ਥਾਈਂ ਆਉਂਦਾ ਹੈ । ਜਿਸ ਤਰ੍ਹਾਂ—



Digitized by Panjab Digital Library | www.panjabdigilib.org

— ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨ ॥
ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥

(ਪੰਨਾ ੩੯)

— ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥
ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ ॥

(ਪੰਨਾ ੧੨੩)

— ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥
ਤਿਸ ਕਾ ਨਾਮੁ ਸਤਿ ਰਾਮਦਾਸੁ ॥
ਆਤਮ ਰਾਮੁ ਤਿਸੁ ਨਦਰੀ ਆਇਆ ॥
ਦਾਸ ਦਸੰਤਣ ਭਾਇ ਤਿਨਿ ਪਾਇਆ ॥

(ਪੰਨਾ ੨੭੪)

— ਸਾਤੈ ਸਤਿ ਕਰਿ ਬਾਚਾ ਜਾਣਿ । ਆਤਮ ਰਾਮੁ ਲੇਹੁ ਪਰਵਾਣਿ ॥

(ਪੰਨਾ ੩੪੩)

ਆਤਮ ਰਾਮ ਜੋੜ ਹੈ ਆਤਮਾ ਤੇ ਰਾਮ ਦਾ । ਇਸ ਦਾ ਅਰਥ ਹੈ ਕਿ ਆਤਮਾ ਰਾਮ ਨਾਲ ਜੁੜ ਗਈ । ਦੋਵੇਂ ਐਨੇ ਨੇੜੇ ਆ ਗਏ ਕਿ ਵਿਥ ਬਿਲਕੁਲ ਹੀ ਨਹੀਂ ਰਹੀ । ਆਤਮਾ ਪਰਮਾਤਮਾ ਦੇ ਨੇੜੇ ਹੁੰਦੇ ਹੁੰਦੇ ਪਰਮਾਤਮਾ ਨਾਲ ਇਕਮਿਕ ਹੋ ਗਈ । ਇਸ ਬਾਰੇ ਕਬੀਰ ਜੀ ਕਹਿੰਦੇ ਹਨ, "ਰਾਮ ਕਬੀਰਾ ਏਕ ਭਏ ਹੈ ਜਿਉ ਪਾਨੀ ਸੰਗ ਪਾਨੀ ।" ਆਤਮਾ ਕੱਪੜੇ ਦੇ ਤਾਣੇ-ਪੇਟੇ ਵਾਂਗ ਰਾਮ ਵਿਚ ਓਤ-ਪੋਤ ਹੋ ਗਈ ।

ਹਾਲੀਂ ਸਾਨੂੰ ਆਪਣੀ ਆਤਮਾ ਦਾ ਹੀ ਪਤਾ ਨਹੀਂ, ਪਰਮਾਤਮਾ ਦੀ ਗੱਲ ਬਹੁਤ ਦੂਰ ਦੀ ਗੱਲ ਹੈ, ਇਹ ਸੁਣੀ-ਸੁਣਾਈ ਕਹਾਣੀ ਹੈ । ਸਿਆਣੇ ਕਹਿੰਦੇ ਹਨ ਕਿ ਹਿਰਦੇ ਵਿਚ ਪਰਮਾਤਮਾ ਹੈ । ਪਰ ਸਾਨੂੰ ਪਤਾ ਨਹੀਂ । ਅਸੀਂ ਬਾਦਸ਼ਾਹ ਹੁੰਦਿਆਂ ਹੋਇਆਂ ਵੀ ਭਿਖਾਰੀ ਹਾਂ । ਕਹਿੰਦੇ ਹਨ ਕਿ ਇਕ ਆਦਮੀ ਸਾਰੀ ਉਮਰ ਮੰਗਦਾ ਰਿਹਾ, ਇਕੋ ਥਾਂ ਤੇ ਬੈਠ ਕੇ । ਉਸ ਨੇ ਉਸ ਥਾਂ ਤੇ ਮੰਗਦਿਆਂ-ਮੰਗਦਿਆਂ



Digitized by Panjab Digital Library | www.panjabdigilib.org

ਸਾਰੀ ਉਮਰ ਲੰਘਾ ਦਿੱਤੀ। ਬੜੀ ਦੁਖੀ ਤੇ ਦੀਨ ਹਾਲਤ ਵਿਚ ਮਰਿਆ। ਲੋਕਾਂ ਸੋਚਿਆ ਇਸ ਨੂੰ ਇਸੇ ਥਾਂ ਤੇ ਦਫਨਾ ਦਿੱਤਾ ਜਾਏ ਜਿਥੇ ਉਸ ਨੇ ਆਪਣੀ ਸਾਰੀ ਉਮਰ ਗੁਜ਼ਾਰੀ ਸੀ। ਉਸ ਨੂੰ ਦਬਣ ਲਈ ਜ਼ਮੀਨ ਖੋਦੀ ਗਈ ਤੇ ਥਲਿਉਂ ਸੋਨੇ ਦੀਆਂ ਅਸ਼ਰਫੀਆਂ ਦਾ ਭਰਿਆ ਮਟਕਾ ਨਿਕਲਿਆ। ਉਸ ਫ਼ਕੀਰ ਨੇ ਸਾਰੀ ਉਮਰ ਕਰੋੜਾਂ ਦੇ ਧਨ ਉੱਪਰ ਬੈਠ ਕੇ ਬਿਤਾਈ ਪਰ ਅਗਿਆਨ ਕਾਰਣ ਆਪ ਆਪਣੀ ਉਮਰ ਦੁਖ ਵਿਚ ਬਿਤਾਈ। ਸਾਡੀ ਹਾਲਤ ਉਸ ਫ਼ਕੀਰ ਵਾਂਗ ਹੀ ਹੈ। ਸਾਡੇ ਅੰਦਰ ਰਤਨਾਂ ਦਾ ਮਾਲਕ ਬੈਠਾ ਹੈ ਪਰ ਸਾਨੂੰ ਖਬਰ ਨਹੀਂ। ਅਸੀਂ ਬਾਹਰ ਧਨ ਇਕੱਠਾ ਕਰਨ ਵਿਚ ਲੱਗੇ ਹਾਂ ਤੇ ਦੁਖੀ ਹੋ ਰਹੇ ਹਾਂ। ਗੁਰੂ ਤਾਂ ਕਹਿੰਦਾ ਹੈ ਕਿ ਮੇਰੀ ਸਿਖ (ਮਤਿ) ਲਉ, ਤੁਹਾਡੇ ਅੰਦਰ ਹੀ ਰਤਨ-ਜਵਾਹਰ ਹਨ। ਅਸੀਂ ਰੋਜ਼ ਜਪੁ ਜੀ ਸਾਹਿਬ ਵਿਚ ਪੜ੍ਹਦੇ ਹਾਂ—

— ਮਤਿ ਵਿਚਿ ਰਤਨ ਜਵਾਹਰ ਮਾਣਿਕ,
ਜੇ ਇਕ ਗੁਰ ਕੀ ਸਿਖ ਸੁਣੀ ॥

(ਪੰਨਾ ੨)

ਪਰ ਨਾ ਅਸੀਂ ਗੁਰੂ ਦੀ ਸਿਖ ਲੈਂਦੇ ਹਾਂ ਨਾ ਉਸ ਕੋਲੋਂ ਗਿਆਨ—

— ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ ॥

(ਪੰਨਾ ੭੦੩)

— ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾਕੋ ਗਿਆਨੁ ਨ ਪਾਇਓ ॥

(ਪੰਨਾ ੭੦੨)

— ਕਾਮ ਕ੍ਰੋਧੁ ਇਸੁ ਤਨ ਤੇ ਜਾਇ। ਰਾਮ ਰਤਨੁ ਵਸੈ ਮਨਿ ਆਇ ॥

(ਪੰਨਾ ੮੬੪)

— ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥

(ਪੰਨਾ ੨੯੬)

ਸਾਨੂੰ ਅਸਲੀ ਧਨ ਦਾ ਪਤਾ ਨਹੀਂ, ਅਸਲੀ ਪਦ ਦਾ ਪਤਾ ਨਹੀਂ, ਅਸਲੀ ਘਰ ਦਾ ਪਤਾ ਨਹੀਂ। ਅਸੀਂ ਅਸਲ ਧਨ ਦੀ ਘਾਟ ਨੂੰ ਨਕਲੀ ਤਰੀਕਿਆਂ



Digitized by Panjab Digital Library | www.panjabdigilib.org

ਨਾਲ ਪੂਰਾ ਕਰਦੇ ਹਾਂ। ਅਸੀਂ ਧਨ ਇਕੱਠਾ ਕਰੀ ਜਾਂਦੇ ਹਾਂ ਜਿਹੜਾ ਕਦੀ ਵੀ ਕਾਫੀ ਨਹੀਂ ਹੁੰਦਾ, ਹਮੇਸ਼ਾ ਘਟ ਹੀ ਰਹਿ ਜਾਂਦਾ ਹੈ। ਅਸੀਂ ਪਦ ਪਾਉਣਾ ਚਾਹੁੰਦੇ ਹਾਂ ਪਰ ਸਕੰਦਰ ਬਣ ਕੇ ਵੀ ਖਾਲੀ ਹੱਥ ਹੀ ਜਾਂਦੇ ਹਾਂ। ਅਸੀਂ ਵੱਡੇ ਮਹਿਲ ਮਾੜੀਆਂ ਨਿਰਮਾਣ ਕਰਦੇ ਹਾਂ ਪਰ ਇਹ ਹਮੇਸ਼ਾ ਛੋਟੇ ਪੈ ਜਾਂਦੇ ਹਨ ਤੇ ਅਖੀਰ ਨਾਲ ਨਹੀਂ ਜਾਂਦੇ। ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀ ਕਥਾ ਹੈ। ਆਪ ਜੀ ਬਾਬਰ ਦੀ ਜੇਲ੍ਹ ਵਿਚ ਸਨ। ਆਪ ਜੀ ਦੀ ਸਿਖਿਆ ਦਾ ਢੰਗ ਤਾਂ ਨਾਟਕੀ ਹੀ ਹੁੰਦਾ ਸੀ। ਇਕ ਦਿਨ ਜੇਲ੍ਹ ਦਰੋਗੇ ਨੇ ਦੇਖਿਆ ਕਿ ਗੁਰੂ ਜੀ ਸਾਰੀ ਰਾਤ ਜਾਗਦੇ ਰਹਿੰਦੇ ਹਨ ਤੇ ਇਕ ਪੋਟਲੀ ਜਿਹੀ ਨੂੰ ਬੜੇ ਗੌਹ ਤੇ ਧਿਆਨ ਨਾਲ ਛਾਤੀ ਨਾਲ ਲਾਈ ਰੱਖਦੇ ਹਨ। ਦਰੋਗੇ ਨੇ ਤਲਾਸ਼ੀ ਲੈਣੀ ਚਾਹੀ ਪਰ ਗੁਰੂ ਜੀ ਨੇ ਪੋਟਲੀ ਦਿਖਾਣੋਂ ਨਾਂਹ ਕਰ ਦਿੱਤੀ। ਆਪ ਜੀ ਨੇ ਕਿਹਾ ਕਿ ਇਸ ਵਿਚ ਮੇਰਾ ਬਹੁਤ ਕੀਮਤੀ ਧਨ ਹੈ। ਦਰੋਗੇ ਨੇ ਬਾਬਰ ਤਕ ਖਬਰ ਪਹੁੰਚਾਈ। ਬਾਬਰ ਦੀ ਜਗਿਆਸਾ ਜਾਗੀ ਤੇ ਉਸ ਨੇ ਗੁਰੂ ਜੀ ਕੋਲੋਂ ਪੁਛਿਆ "ਕੀ ਲੁਕਾਈ ਫਿਰਦੇ ਹੋ ਜਿਸ ਦੀ ਰਾਤ ਰਾਤ ਜਾਗ ਕੇ ਸੰਭਾਲ ਕਰਨੀ ਪੈਂਦੀ ਹੈ?" ਗੁਰੂ ਜੀ ਨੇ ਕਿਹਾ, "ਜਿਸ ਤਰ੍ਹਾਂ ਤੈਨੂੰ ਆਪਣੇ ਧਨ ਦੀ ਸੰਭਾਲ ਕਰਨੀ ਪੈਂਦੀ ਹੈ ਕਿ ਕੋਈ ਲੁਟ ਕੇ ਨਾ ਲੈ ਜਾਏ, ਕੋਈ ਠਗ ਨਾ ਹਤਿਆ ਲਏ, ਇਸ ਤਰ੍ਹਾਂ ਹੀ ਸਾਨੂੰ ਵੀ ਆਪਣੇ ਕਮਾਏ ਧਨ ਦੀ ਸੰਭਾਲ ਤੇ ਰਾਖੀ ਕਰਨੀ ਪੈਂਦੀ ਹੈ। ਤੇਰਾ ਧਨ ਬਾਹਰ ਹੈ ਤੇ ਮੌਤ ਖੋਹ ਲਏਗੀ, ਮੇਰਾ ਧਨ ਅੰਦਰ ਹੈ ਤੇ ਮੌਤ ਦੀ ਪਹੁੰਚ ਤੋਂ ਪਰ੍ਹੇ ਹੈ।" ਕਹਿੰਦੇ ਹਨ ਕਿ ਬਾਬਰ ਇਸ ਗੁੱਝੇ ਤੇ ਰਹੱਸ ਭਰੇ ਉੱਤਰ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਗੁਰੂ ਜੀ ਕੋਲੋਂ ਮਾਫੀ ਮੰਗੀ ਤੇ ਜੇਲ੍ਹ ਤੋਂ ਰਿਹਾਅ ਕਰ ਦਿੱਤਾ। ਸੋ ਰਾਮ ਤਾਂ ਸਭ ਵਿਚ ਹੈ ਪਰ ਉਸ ਨੂੰ ਲੱਭਣ ਤੇ ਸੰਭਾਲਣ ਦੀ ਲੋੜ ਹੈ।

ਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਵਿਚ ਰਾਮ ਹੈ ਉਹ ਮਰਦੇ ਨਹੀਂ। ਹੁਣ ਮੌਤ ਤਾਂ ਸਭ ਨੂੰ ਆਉਂਦੀ ਹੈ। ਫਿਰ ਨਾ ਮਰਨ ਦਾ ਕੀ ਅਰਥ ਹੋਇਆ? ਇਸ ਦਾ ਅਰਥ ਤਾਂ ਇਕੋ ਹੋ ਸਕਦਾ ਹੈ ਕਿ ਰਾਮ ਦੀ ਪਛਾਣ ਹੋਣ ਦੇ ਬਾਅਦ, ਜਨਮ-ਮਰਨ ਤੋਂ ਛੁਟਕਾਰਾ ਹੋ ਜਾਂਦਾ ਹੈ। ਯਾਨੀ ਸਰੀਰਕ ਮੌਤ ਤਾਂ ਆਏਗੀ ਹੀ ਪਰ ਨਾ ਅਗਲਾ ਜਨਮ ਹੋਏਗਾ, ਨਾ ਉਸ ਦੇ ਬਾਅਦ ਮੌਤ



Digitized by Panjab Digital Library | www.panjabdigilib.org

ਹੋਏਗੀ। ਇਸ ਬਾਰੇ ਗੁਰਬਾਣੀ ਕਹਿੰਦੀ ਹੈ—

— ਜਨਮ ਮਰਣ ਕੋ ਚੂਕੋ ਸਹਸਾ ਸਾਧ ਸੰਗਤਿ ਦਰਸਾਈ ॥

(ਪੰਨਾ ੨੦੭)

— ਸੁਣਿ ਕੀਰਤਨੁ ਸਾਧ ਪਹਿ ਜਾਇ ॥
ਜਨਮ ਮਰਣ ਕੀ ਤ੍ਰਾਸ ਮਿਟਾਇ ॥

(ਪੰਨਾ ੧੯੦)

— ਹਰਿ ਕੇ ਚਰਣ ਹਿਰਦੈ ਕਰਿ ਓਟਿ ॥ ਜਨਮ ਮਰਣ ਤੇ ਹੋਵਤ ਛੋਟ ॥

(ਪੰਨਾ ੧੯੮)

ਸੋ ਇਸ ਜਨਮ ਦੀ ਮੌਤ ਦੀ ਗੱਲ ਨਹੀਂ। ਅਗਲੇ ਜਨਮ ਤੇ ਮਰਨ ਦੇ ਨਾ ਹੋਣ ਦੀ ਗੱਲ ਹੈ।

ਦੂਸਰਾ ਅਰਥ ਹੈ ਇਸ ਜਨਮ ਦੀ ਮੌਤ। ਮੌਤ ਦੋ ਤਰ੍ਹਾਂ ਨਾਲ ਘਟਦੀ ਹੈ। ਇਕ ਮੌਤ ਸਾਨੂੰ ਮਿਲਣ ਆਉਂਦੀ ਹੈ ਤੇ ਦੂਸਰੀ ਮੌਤ ਨੂੰ ਅਸੀਂ ਮਿਲਣ ਜਾਂਦੇ ਹਾਂ। ਪਹਿਲੀ ਮੌਤ ਕੋਲੋਂ ਅਸੀਂ ਡਰਦੇ ਹਾਂ, ਇਸ ਮੌਤ ਦਾ ਸਵਾਗਤ ਨਹੀਂ ਕਰਦੇ। ਇਸ ਤਰ੍ਹਾਂ ਦੀ ਮੌਤ ਤਾਂ ਸਾਰੇ ਹੀ ਮਰਦੇ ਹਨ, ਕੀ ਸੰਤ ਤੇ ਕੀ ਸ਼ੈਤਾਨ। ਪਰ ਦੂਸਰੀ ਤਰ੍ਹਾਂ ਦੀ ਮੌਤ ਸਿਰਫ ਸੰਤ ਨੂੰ ਹੀ ਆਉਂਦੀ ਹੈ, ਸ਼ੈਤਾਨ ਨੂੰ ਨਹੀਂ। ਸੰਤ ਮੌਤ ਕੋਲੋਂ ਨਹੀਂ ਡਰਦਾ ਕਿਉਂਕਿ ਉਸ ਨੇ ਮੌਤ ਨੂੰ ਅੱਖਾਂ ਵਿਚ ਅੱਖਾਂ ਪਾ ਕੇ ਵੇਖ ਲਿਆ। ਉਹ ਨਿਰਭਉ ਹੋ ਚੁਕਾ ਹੈ। ਮੌਤ ਦਾ ਡਰ ਨਿਕਲਣ ਨਾਲ ਮੌਤ ਦੀ ਵੀ ਮੌਤ ਹੋ ਜਾਂਦੀ ਹੈ। ਸਰੀਰਕ ਮੌਤ ਤਾਂ ਸੰਤ ਨੂੰ ਵੀ ਆਏਗੀ ਪਰ ਉਹ ਡਰੇਗਾ ਨਹੀਂ, ਉਹ ਉਸ ਦੇ ਆਉਣ ਨਾਲ ਅਨੰਦ ਪ੍ਰਾਪਤ ਕਰੇਗਾ। ਮੌਤ ਨੂੰ ਮਾਰ ਕੇ ਉਸ ਨੇ ਪਰਮਾਤਮਾ ਨੂੰ ਪਾ ਲਿਆ ਹੈ। ਇਸੇ ਲਈ ਮੌਤ ਬਾਰੇ ਕਬੀਰ ਜੀ ਕਹਿੰਦੇ ਹਨ—

— ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨ ਪ੍ਰਮਾਨੰਦ ॥

(ਪੰਨਾ ੧੩੬੫)



Digitized by Panjab Digital Library | www.panjabdigilib.org

ਦੂਸਰੀ ਗੱਲ, ਜਿਸ ਦੇ ਹਿਰਦੇ ਵਿਚ ਰਾਮ ਵਸ ਜਾਂਦਾ ਹੈ ਉਹ ਠਗਿਆ ਨਹੀਂ ਜਾਂਦਾ। ਉਹ ਮਰਦਾ ਵੀ ਨਹੀਂ ਤੇ ਠਗਿਆ ਵੀ ਨਹੀਂ ਜਾਂਦਾ। ਠਗੀਂਦਾ ਕੌਣ ਹੈ, ਅਸੀ ਠਗੇ ਕਿਉਂ ਜਾਂਦੇ ਹਾਂ? ਮਾਇਆ ਦਾ ਜ਼ਹਿਰ ਐਨਾ ਮਿੱਠਾ ਹੁੰਦਾ ਹੈ ਕਿ ਜੀਵ ਆਪਣੇ ਅਸਲੇ ਨੂੰ ਭੁੱਲ ਜਾਂਦਾ ਹੈ। ਉਹ ਭੁੱਲ ਜਾਂਦਾ ਹੈ ਕਿ ਮਾਇਆ, ਮੰਦਰ ਆਦਿ ਸਭ ਇਥੇ ਹੀ ਛੱਡ ਦੇਣੇ ਪੈਂਦੇ ਹਨ। ਮਨੁੱਖ ਇਸ ਧੋਖੇ ਵਿਚ ਰਹਿੰਦਾ ਹੈ ਕਿ ਸ਼ਾਇਦ ਇਹ ਨਾਲ ਜਾਏਗੀ।

— ਬਿਖੈ ਠਗਉਰੀ ਖਾਇ ਭੁਲਾਨਾ,
ਮਾਇਆ ਮੰਦਰੁ ਤਿਆਗਿ ਗਇਆ ॥

(ਪੰਨਾ ੯੦੦)

ਪਰ ਇਹ ਨਾਲ ਜਾਂਦੀ ਨਹੀਂ। ਅਸਲ ਵਿਚ ਮਾਇਆ ਇਕ ਭ੍ਰਮ ਦੁਆਉਂਦੀ ਹੈ ਕਿ ਇਸ ਵਿਚ ਕੁਝ ਸੱਚਾ ਤੱਤ ਹੈ। ਪਰ ਇਹ ਰੇਗਸਤਾਨ ਦੇ ਸੁਰਾਬ ਵਾਂਗ ਹੈ। ਦੂਰੋਂ ਲੱਗਦਾ ਹੈ ਕਿ ਪਾਣੀ ਹੈ ਪਿਆਸ ਬੁਝੇਗੀ ਪਰ ਨੇੜੇ ਪਹੁੰਚਣ ਤੇ ਪਾਣੀ ਦੀ ਥਾਂ ਰੇਤ ਹੀ ਮਿਲਦੀ ਹੈ, ਤੇ ਪਾਣੀ ਹੋਰ ਅੱਗੇ ਦਿਸਣ ਲੱਗਦਾ ਹੈ। "ਠਠਾ ਇਹੈ ਦੂਰਿ ਠਗਨੀਰਾ।" ਇਹ ਨੀਰ (ਪਾਣੀ), ਇਹ ਮਾਇਆ ਰੂਪੀ ਨੀਰ, ਮਨੁੱਖ ਨੂੰ ਠਗਦਾ ਹੈ। ਇਸ ਠਗਣੀ ਨੂੰ ਫਾਰਸੀ ਵਿਚ "ਸੁਰਾਬ" ਕਿਹਾ ਹੈ, ਹਿੰਦੀ ਵਿਚ "ਮ੍ਰਿਗ ਤ੍ਰਿਸ਼ਨਾ" ਤੇ ਗੁਰਬਾਣੀ ਵਿਚ "ਠਗਨੀਰਾ"। ਪਰ ਜਦੋਂ ਮਨੁੱਖ ਨੂੰ ਆਪਣੇ ਅਸਲੇ ਦੀ ਸੋਝੀ ਪੈਂਦੀ ਹੈ, ਜਦੋਂ ਰਾਮ ਉਸ ਦੇ ਹਿਰਦੇ ਵਿਚ ਵਸ ਜਾਂਦਾ ਹੈ, ਜਦੋਂ ਉਸ ਨੂੰ ਆਪਣੇ ਅੰਦਰ ਲੁਕੇ ਰਤਨ-ਜਵਾਹਰ ਦੀ ਖਬਰ ਪੈ ਜਾਂਦੀ ਹੈ, ਉਦੋਂ ਉਸ ਨੂੰ ਆਪੇ ਹੀ ਮਾਇਆ ਕੰਕਰ-ਪੱਥਰ ਦਿਸਣ ਲੱਗ ਪੈਂਦੀ ਹੈ। ਅਸੀਂ ਮਾਇਆ ਰਾਹੀਂ ਰਸੇ ਜਾਂਦੇ ਹਾਂ ਕਿਉਂਕਿ ਸਾਨੂੰ ਅਸਲ ਦਾ ਪਤਾ ਨਹੀਂ। ਸਾਨੂੰ ਪੱਥਰ ਹੀਰਾ ਲੱਗਦਾ ਹੈ। ਅਸੀਂ ਇਸ ਨੂੰ ਛਾਤੀ ਨਾਲ ਲਾਈ ਰੱਖਦੇ ਹਾਂ। ਜਦੋਂ ਸਾਨੂੰ ਅਸਲੀ ਹੀਰੇ ਦੀ ਪਛਾਣ ਹੋ ਜਾਏਗੀ ਤਾਂ ਮਾਇਆ ਰੂਪੀ ਨਕਲੀ ਹੀਰਾ ਆਪੇ ਹੀ ਹੱਥੋਂ ਛੁਟ ਜਾਏਗਾ, ਛੱਡਣਾ ਨਹੀਂ ਪਏਗਾ। ਸਮਝ ਆਉਣ ਨਾਲ ਹੀ ਮਾਇਆ ਦਾ ਅਸਲੀ ਰੂਪ ਦਿਸ ਪੈਂਦਾ ਹੈ। ਫਿਰ ਇਸ ਰਾਹੀਂ ਕੌਣ ਠਗਿਆ ਜਾਏਗਾ।



Digitized by Panjab Digital Library | www.panjabdigilib.org

ਜਿਸ ਨੇ ਆਪਣੇ ਅੰਦਰ ਵਸਦੇ ਰਾਮ (ਵਾਹਿਗੁਰੂ) ਨੂੰ ਪਛਾਣ ਲਿਆ ਉਸ ਨੂੰ ਮੌਤ ਕਿਸ ਤਰ੍ਹਾਂ ਡਰਾਏਗੀ ਤੇ ਮਾਇਆ ਕਿਸ ਤਰ੍ਹਾਂ ਠਗੇਗੀ।

**ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥**

ਉਸ ਕਰਮ ਖੰਡ ਵਿਚ ਸਾਡੀ ਧਰਤੀ ਦੇ ਹੀ ਨਹੀਂ ਬਲਕਿ ਹੋਰ ਵੀ ਲੋਕਾਂ ਦੇ ਭਗਤ ਉਸ ਵਾਹਿਗੁਰੂ ਦੇ ਦਰਬਾਰ ਵਿਚ ਬੈਠੇ ਹਨ ਤੇ ਉਸ ਦਾ ਕਰਮ ਪਾ ਕੇ ਆਨੰਦ ਮਾਣ ਰਹੇ ਹਨ।

○ ○



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਜਪੁ ਜੀ ਸਾਹਿਬ—੩੭ਵੀਂ ਪਉੜੀ

## ਸਚ ਖੰਡਿ ਵਸੈ ਨਿਰੰਕਾਰੁ ॥

ਸਚ ਖੰਡਿ ਵਸੈ ਨਿਰੰਕਾਰੁ ॥
ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥
ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਰ ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰੁ ॥
ਨਾਨਕ ਕਥਨਾ ਕਰੜਾ ਸਾਰੁ ॥੩੭॥

(ਪਨਾ ੮)

Digitized by Panjab Digital Library | www.panjabdigilib.org

# ੫

# ਸਚ ਖੰਡਿ

## ਸਚ ਖੰਡਿ ਵਸੈ ਨਿਰੰਕਾਰੁ ॥

**ਸਚ ਖੰਡਿ ਵਸੈ ਨਿਰੰਕਾਰੁ ॥**

**ਧਰਮ ਖੰਡ** ਦਾ ਜ਼ਿਕਰ ਕਰਦੇ ਹੋਏ ਗੁਰੂ ਜੀ ਨੇ ਸਾਨੂੰ ਦਸਿਆ ਸੀ ਕਿ ਸਾਨੂੰ ਆਪਣਾ ਧਰਮ ਕਮਾਉਣਾ ਚਾਹੀਦਾ ਹੈ ਕਿਉਂਕਿ ਇਹ ਧਰਤੀ ਧਰਮ ਕਮਾਉਣ ਲਈ ਹੀ ਹੈ, "ਤਿਸ ਵਿਚ ਧਰਤੀ ਥਾਪਿ ਰਖੀ ਧਰਮਸਾਲ।" **ਗਿਆਨ ਖੰਡ** ਦਾ ਜ਼ਿਕਰ ਕਰਦੇ ਗੁਰੂ ਜੀ ਨੇ ਸਮਝਾਇਆ ਸੀ ਕਿ ਨਾ ਸਿਰਫ਼ ਸਾਡੀ ਧਰਤੀ ਦੇ ਹੀ ਬਲਕਿ ਕਈ ਧਰਤੀਆਂ ਦੇ ਵਸਨੀਕ ਵੀ ਆਪਣਾ ਧਰਮ ਕਮਾਉਣ ਵਿਚ ਲੱਗੇ ਹੋਏ ਹਨ, "ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ।" **ਸਰਮ ਖੰਡ** ਦਾ ਜ਼ਿਕਰ ਕਰਦਿਆਂ ਗੁਰੂ ਜੀ ਨੇ ਸਾਨੂੰ ਉਪਦੇਸਿਆ ਸੀ ਕਿ ਅਸੀਂ ਹੁਣ ਧਰਮ ਕਮਾਈਏ ਕਿਉਂਕਿ ਸਰਮ ਕਰਨ ਵਾਲੇ ਨੂੰ ਹੀ "ਨਾਦ ਬਿਨੋਦ ਕੋਡ ਅਨੰਦੁ" ਪ੍ਰਾਪਤ ਹੁੰਦਾ ਹੈ। ਅਸੀਂ ਸਰਮ ਕਰਕੇ ਗੁਰ-ਦੁਆਰ ਤਕ ਤਾਂ ਪਹੁੰਚ ਜਾਂਦੇ ਹਾਂ ਪਰ ਗੁਰ-ਦਰਬਾਰ ਤਕ ਨਹੀਂ ਅਪੜ ਸਕਦੇ। ਦੇਖੀਦਾ ਹੈ ਕਿ ਦੁਆਰ ਬੰਦ ਹੈ। ਗੁਰੂ ਜੀ ਨੇ ਕਿਹਾ ਕਿ ਇਹ **ਕਰਮ ਖੰਡ** ਹੈ। ਇਥੇ ਪਹੁੰਚਣ



Digitized by Panjab Digital Library | www.panjabdigilib.org

ਲਈ ਉਸ ਜ਼ੋਰਾਵਰ, ਸ਼ਕਤੀਸ਼ਾਲੀ, ਵਾਹਿਗੁਰੂ ਅੱਗੇ ਅਰਦਾਸ ਕਰੋ ਕਿਉਂਕਿ "ਕਰਮ ਖੰਡ ਕੀ ਬਾਣੀ ਜੋਰੁ।" ਤੁਹਾਡੀ ਅਰਦਾਸ ਸੁਣੀ ਗਈ, ਗੁਰੂ ਦੁਆਰ ਖੁਲ੍ਹ ਗਿਆ ਤੇ ਤੁਸੀਂ ਗੁਰੂ ਦਰਬਾਰ ਵਿਚ ਪਹੁੰਚ ਗਏ। ਹੁਣ ਹੋਰ ਕੀ ਬਚ ਰਿਹਾ ਹੈ?

ਉਹ ਹੈ ਨਿਰੰਕਾਰ ਦੇ ਦਰਸ਼ਨ। ਇਸ ਲਈ ਅਸੀਂ ਅੱਜ ਅਖੀਰਲੇ ਖੰਡ, **ਸਚ ਖੰਡ** ਤੇ ਵਿਚਾਰ ਕਰਦੇ ਹਾਂ। ਗੁਰਵਾਕ ਹੈ "ਸਚ ਖੰਡਿ ਵਸੈ ਨਿਰੰਕਾਰੁ।" ਇਸ ਦਾ ਸਾਧਾਰਣ ਅਰਥ ਇਹੀ ਹੋ ਸਕਦਾ ਹੈ ਕਿ ਸਚ ਖੰਡ ਵਿਚ ਨਿਰੰਕਾਰ ਵਸਦਾ ਹੈ। ਪਰ ਸਚ ਖੰਡ ਹੈ ਕਿਥੇ? "ਖੰਡਿ" ਦਾ ਅਰਥ ਹੈ "ਹਿੱਸਾ, ਟੁਕੜਾ, ਟੋਟਾ, ਅਧੂਰਾ।" ਧਰਤੀ ਦੇ ਕਿਸੇ ਹਿੱਸੇ (ਖੰਡ) ਜਾਂ ਬ੍ਰਹਮੰਡ ਦੇ ਕਿਸੇ ਹਿੱਸੇ ਨੂੰ, ਜਿਥੇ ਨਿਰੰਕਾਰ ਵਸਦਾ ਹੈ, ਸੱਚ ਖੰਡ ਕਹਾਂਗੇ। ਪਰ ਜੇ ਕਿਸੇ ਇਕ ਹਿੱਸੇ ਨੂੰ ਸੱਚ ਖੰਡ ਮੰਨ ਲਿਆ ਜਾਏ ਤਾਂ ਇਸ ਦਾ ਅਰਥ ਹੋਵੇਗਾ ਕਿ ਵਾਹਿਗੁਰੂ ਹੋਰ ਖੰਡਾਂ ਵਿਚ ਨਹੀਂ ਵਸਦਾ। ਇਕ ਖੰਡ ਵਿਚ ਹੈ ਤੇ ਬਾਕੀ ਖੰਡਾਂ ਵਿਚ ਨਹੀਂ ਹੈ। ਪਰ ਰੱਬ ਤਾਂ ਅਸੀਮ ਹੈ ਤੇ ਇਹ ਅਰਥ ਤਾਂ ਰੱਬ ਨੂੰ ਸੀਮਤ ਕਰ ਦੇਂਦਾ ਹੈ। ਨਿਰੰਕਾਰ ਤਾਂ ਪੂਰਨ ਹੈ ਤੇ ਇਹ ਅਰਥ ਉਸ ਨੂੰ ਅਪੂਰਨ ਕਰ ਦੇਂਦਾ ਹੈ। ਇਸ ਲਈ ਰੱਬ ਇਕ ਖੰਡ ਵਿਚ ਨਹੀਂ ਹੋ ਸਕਦਾ ਕਿਉਂਕਿ ਉਹ ਤਾਂ ਸਭ ਖੰਡਾਂ, ਦੀਪਾਂ, ਲੋਆਂ, ਪਾਤਾਲਾਂ ਵਿਚ ਹੈ—

— ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ ॥
(ਪੰਨਾ ੨੦੫)

— ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥
(ਪੰਨਾ ੭੦੬)

ਜੇ ਉਹ ਸਭ ਜਗ੍ਹਾ ਹੈ ਤਾਂ ਫਿਰ ਉਹ ਸਭ ਜਗ੍ਹਾ ਹੀ ਹੈ। ਜੇ ਉਹ ਸਭ ਜਗ੍ਹਾ ਤੇ ਹੈ ਤਾਂ ਉਹ ਇਕ ਜਗ੍ਹਾ ਨਹੀਂ ਹੋ ਸਕਦਾ। ਗੁਰੂ ਉਪਦੇਸ਼ ਹੈ ਕਿ ਉਹ ਸਭ ਹਿਰਦਿਆਂ (ਘਟਾਂ) ਵਿਚ ਹੈ, ਬਲਕਿ ਉਹ ਸਾਰੀ ਹੀ ਕਾਇਨਾਤ ਵਿਚ ਹੈ—



Digitized by Panjab Digital Library | www.panjabdigilib.org

— ਸਭ ਘਟ ਆਪੇ ਭੋਗਣਹਾਰਾ। ਅਲਖੁ ਵਰਤੈ ਅਗਮ ਅਪਾਰਾ ॥

(ਪੰਨਾ ੧੧੩)

— ਸਭ ਕਿਛੁ ਤੂੰ ਹੈ ਮੇਰੇ ਪਿਆਰੇ
ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥

(ਪੰਨਾ ੯੮)

ਵਾਹਿਗੁਰੂ ਨੇ ਆਪ ਹੀ ਆਪਣਾ ਆਪ ਸਾਜਿਆ ਹੈ, ਆਪ ਹੀ ਸਾਰੀ ਕੁਦਰਤ ਰਚੀ ਹੈ ਤੇ ਆਪ ਹੀ ਉਸ ਕੁਦਰਤ ਵਿਚ ਵਿਆਪਕ ਹੈ—

— ਆਪੀਨੈ ਆਪੁ ਸਾਜਿਓਨੁ ਆਪੇ ਹੀ ਥੰਮਿ ਖਲੋਆ ॥
ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ ॥

(ਪੰਨਾ ੬੯੮)

— ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥

(ਪੰਨਾ ੪੬੩)

ਜੇ ਉਹ ਆਪ ਹੀ ਸਭ ਥਾਂ ਤੇ ਹੈ ਤੇ ਸਭ ਵਿਚ ਹੈ ਤਾਂ ਫਿਰ ਉਹ ਇਕ ਥਾਂ ਤੇ ਨਹੀਂ ਹੋ ਸਕਦਾ। ਬੰਬਈ ਦੇ ਨੇੜੇ ਨਾਦੇੜ ਸ਼ਹਿਰ ਹੈ। ਉੱਥੇ ਦੇ ਗੁਰਦੁਆਰੇ ਨੂੰ ਅਸੀਂ ਹਜ਼ੂਰ ਸਾਹਿਬ ਕਹਿੰਦੇ ਹਾਂ ਤੇ 'ਸੱਚ ਖੰਡ' ਵੀ। ਜੇ ਨਾਦੇੜ ਸੱਚ ਖੰਡ ਹੈ ਤਾਂ ਫਿਰ ਬੰਬਈ ਕੀ ਹੈ ? ਝੂਠ ਖੰਡ !! ਨਹੀਂ, ਸਾਰੇ ਖੰਡ ਤੇ ਸਾਰੇ ਬ੍ਰਹਮੰਡ ਸਭ ਹੀ ਸੱਚ ਹਨ ਕਿਉਂਕਿ ਆਸਾ ਦੀ ਵਾਰ ਵਿਚ ਆਉਂਦਾ ਹੈ—

— ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥

(ਪੰਨਾ ੪੬੩)

ਜੇ ਸਭ ਕੁਝ ਸੱਚ ਹੈ ਤਾਂ ਫਿਰ "ਸਚ ਖੰਡਿ ਵਸੈ ਨਿਰੰਕਾਰ" ਦਾ ਕੀ ਅਰਥ ਹੋਇਆ ?

ਇਸ ਨੂੰ ਇਸ ਤਰ੍ਹਾਂ ਸਮਝੋ : ਪਾਣੀ ਸਾਰੀ ਧਰਤੀ ਥੱਲੇ ਹੈ ਪਰ ਪ੍ਰਗਟ ਕਿਤੇ-ਕਿਤੇ ਹੀ ਹੁੰਦਾ ਹੈ। ਕੋਈ ਖੂਹ ਖੋਦਦਾ ਹੈ, ਘਾਹ-ਮਿੱਟੀ ਪੁਟਦਾ ਹੈ, ਗੀਟੇ-ਕੰਕਰ



Digitized by Panjab Digital Library | www.panjabdigilib.org

ਹਟਾਉਂਦਾ ਹੈ, ਵੱਟੇ ਪੱਥਰ ਪਰ੍ਹਾਂ ਕਰਦਾ ਹੈ ਤੇ ਫਿਰ ਧਰਤੀ ਥੱਲੇ ਲੁਕਿਆ ਪਾਣੀ ਖੂਹ ਵਿਚ ਪ੍ਰਗਟ ਹੁੰਦਾ ਹੈ। ਪਾਣੀ ਸਾਰੀ ਧਰਤੀ ਥੱਲੇ ਹੈ। ਇਸ ਤਰ੍ਹਾਂ ਹੀ ਵਾਹਿਗੁਰੂ ਵੀ ਸਭ ਥਾਂ ਹੈ। ਪਰ ਜਿਵੇਂ ਪਾਣੀ ਧਰਤੀ ਥੱਲੇ ਹੁੰਦਿਆਂ ਹੋਇਆਂ ਵੀ ਸਭ ਥਾਈਂ ਨਹੀਂ ਦਿਸਦਾ, ਇਸ ਤਰ੍ਹਾਂ ਹੀ ਵਾਹਿਗੁਰੂ ਵੀ ਸਭ ਹਿਰਦਿਆਂ ਵਿਚ ਹੁੰਦੇ ਹੋਇਆਂ ਵੀ ਨਹੀਂ ਦਿਸਦਾ। ਜਿਸ ਤਰ੍ਹਾਂ ਕੋਈ ਮਿਹਨਤ ਕਰ ਕੇ ਖੂਹ ਖੋਦਦਾ ਹੈ ਤੇ ਪਾਣੀ ਨੂੰ ਪ੍ਰਗਟ ਕਰਦਾ ਹੈ, ਇਸ ਤਰ੍ਹਾਂ ਹੀ ਕੋਈ ਸਿਮਰਨ-ਭਗਤੀ ਦੀ ਘੋਰ ਤਪੱਸਿਆ (ਤੇ ਉਸ ਦੀ ਕਿਰਪਾ) ਰਾਹੀਂ ਵਾਹਿਗੁਰੂ ਨੂੰ ਪ੍ਰਗਟ ਕਰ ਲੈਂਦਾ ਹੈ। ਭਾਈ ਗੁਰਦਾਸ ਜੀ ਇਸ ਖਿਆਲ ਨੂੰ ਆਪਣੇ ੫੮੬ਵੇਂ ਕਬਿਤ ਵਿਚ ਬੜੇ ਸੁੰਦਰ ਢੰਗ ਨਾਲ ਦੱਸਦੇ ਹਨ। ਆਪ ਜੀ ਕਹਿੰਦੇ ਹਨ ਕਿ ਜਿਵੇਂ ਚੰਬੇ ਦੀ ਵੇਲ ਦਾ ਅਨੇਕਾਂ ਤਰ੍ਹਾਂ ਦਾ ਵਿਸਤਾਰ ਪ੍ਰਤੱਖ ਦਿੱਸਦਾ ਹੈ ਪਰ ਸੁਗੰਧ ਫੁਲ ਵਿਚ ਹੀ ਗੁਪਤ ਰਹਿੰਦੀ ਹੈ, ਜਿਵੇਂ ਬ੍ਰਿਛ ਦਾ ਵੱਡਾ ਵਿਸਤਾਰ ਵਾਲਾ ਸਰੂਪ ਦਿਸਦਾ ਹੈ ਪਰ ਰਸ ਪ੍ਰਗਟ ਨਹੀਂ ਦਿਸਦਾ, ਜਿਵੇਂ ਗੁਰੂ ਦਾ ਰਾਗ-ਨਾਦ ਦਾ ਗਿਆਨ ਅੰਦਰ ਛੁਪਿਆ ਰਹਿੰਦਾ ਹੈ ਤੇ ਸਿਰਫ ਗਾਣ ਨਾਲ ਹੀ ਪ੍ਰਗਟ ਹੁੰਦਾ ਹੈ, ਇਸੇ ਤਰ੍ਹਾਂ ਭਾਵੇਂ ਵਾਹਿਗੁਰੂ ਘਟ ਘਟ ਵਿਚ ਵਸਦਾ ਹੈ ਪਰ ਉਸ ਦਾ ਪ੍ਰਗਟ-ਪ੍ਰਤੱਖ ਅਨੁਭਵ ਕਿਸੇ ਮਹਾਂਪੁਰਖ ਦੀ ਸੰਗਤ ਨਾਲ ਹੀ ਪ੍ਰਾਪਤ ਹੁੰਦਾ ਹੈ। ਭਾਈ ਜੀ ਕਹਿੰਦੇ ਹਨ—

— ਜੈਸੇ ਤਉ ਚੰਪਕ ਬੇਲ ਬਿਬਧ ਬਿਥਾਰ ਚਾਰੁ
ਬਾਸਨਾ ਪ੍ਰਗਟ ਹੋਤ ਫੂਲ ਹੀ ਮੈ ਜਾਇ ਕੈ ॥
ਜੈਸੇ ਦ੍ਰੂਮ ਦੀਰਘ ਸਰੂਪ ਦੇਖੀਐ ਪ੍ਰਸਿਧ
ਸ੍ਵਾਦ ਰਸ ਹੋਰ ਫਲ ਹੀ ਮੈ ਪੁਨ ਆਇਕੈ ॥
ਜੈਸੇ ਗੁਰ ਗਯਾਨ ਰਾਗ ਨਾਦ ਹਿਰਦੈ ਬਸਤ
ਕਰਤ ਪ੍ਰਕਾਸ ਤਾਸ ਰਸਨਾ ਰਸਾਇਕੈ ॥
ਤੈਸੇ ਘਟ ਘਟ ਬਿਖੈ ਪੂਰਨ ਬ੍ਰਹਮ ਰੂਪ
ਜਾਨੀਐ ਪ੍ਰਤਯਛ ਮਹਾ ਪੁਰਖ ਮਨਾਇਕੈ ॥

ਇਸ ਤਰ੍ਹਾਂ ਹੀ ਜਿਸ ਹਿਰਦੇ ਵਿਚ ਪ੍ਰਭੂ ਦਾ ਅਨੁਭਵ ਪ੍ਰਗਟ ਹੋ ਜਾਂਦਾ ਹੈ



Digitized by Panjab Digital Library | www.panjabdigilib.org

ਉਹ ਹਿਰਦਾ ਹੀ "ਸਚ ਖੰਡਿ" ਹੋ ਜਾਂਦਾ ਹੈ ਕਿਉਂਕਿ ਸੱਚ (ਖੰਡ) ਤਾਂ ਹੀ ਹ ਸਕਦਾ ਹੈ ਜੇ ਹਿਰਦੇ ਵਿਚ ਸੱਚ ਹੋਏ। ਗੁਰਵਾਕ ਹੈ—

— ਸਚ ਤਾਂ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥

(ਪੰਨਾ ੪੬੮)

ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥

(ਪੰਨਾ ੪੬੮)

ਜਿਸ ਹਿਰਦੇ ਵਿਚ ਸਚ ਦਾ ਵਾਸਾ ਹੋ ਗਿਆ, ਉਹ ਹਿਰਦਾ "ਸਚ ਖੰਡਿ" ਹੈ।

ਸਚ ਖੰਡ ਵਿਚ ਨਿਰੰਕਾਰ ਵਸਦਾ ਹੈ। ਨਿਰੰਕਾਰ ਦਾ ਅਰਥ ਹੈ—ਨਿਰ-ਆਕਾਰ, ਜਿਸ ਦਾ ਕੋਈ ਆਕਾਰ ਨਹੀਂ। ਨਿਰੰਕਾਰ ਦਾ ਅਰਥ ਹੈ--ਉਹ ਜਿਸ ਦਾ ਕੋਈ ਚੱਕਰ-ਚਿੰਨ੍ਹ ਨਹੀਂ, ਜਿਸ ਦੀ ਕੋਈ ਜ਼ਾਤ-ਪਾਤ ਨਹੀਂ, ਜਿਸ ਦਾ ਕੋਈ ਰੂਪ-ਰੰਗ ਨਹੀਂ। ਅਸਲ ਵਿਚ ਕੋਈ ਕਹਿ ਹੀ ਨਹੀਂ ਸਕਦਾ ਕਿ ਉਹ ਕਿਹੋ ਜਿਹਾ ਹੈ। ਅਸੀਂ ਜਾਪ ਸਾਹਿਬ ਵਿਚ ਪੜ੍ਹਦੇ ਹਾਂ—

— ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥

(ਜਾਪ ਸਾਹਿਬ)

ਉਸ ਦਾ ਕੋਈ ਆਕਾਰ ਨਹੀਂ। ਪਰ ਸਾਰੀ ਭਗਤੀ, ਸਾਰਾ ਸਿਮਰਨ ਆਕਾਰ ਰੂਪ ਤੋਂ ਹੀ ਸ਼ੁਰੂ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੂੰ "ਨਾਨਕ ਨਿਰੰਕਾਰੀ" ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਨਿਰੰਕਾਰ ਦੇ ਸਿਮਰਨ ਤੇ ਜ਼ੋਰ ਦਿੱਤਾ। ਪਰ ਸਿੱਖੀ ਵਿਚ ਸਿਮਰਨ-ਭਗਤੀ ਆਕਾਰ ਰੂਪ ਤੋਂ ਹੀ ਸ਼ੁਰੂ ਹੁੰਦੀ ਹੈ। ਸਾਰੇ ਸਿੱਖ ਗੁਰੂ ਨਾਨਕ ਦੇਵ ਜੀ ਦੀ ਜਾਂ ਕਿਸੇ ਹੋਰ ਗੁਰੂ ਸਾਹਿਬ ਦੀ ਮੂਰਤ (ਛਬੀ) ਜਾਂ ੧ਓ, ਵਾਹਿਗੁਰੂ,



Digitized by Panjab Digital Library | www.panjabdigilib.org

ਮੂਲ-ਮੰਤਰ ਜਾਂ ਕਿਸੇ ਹੋਰ ਗੁਰਬਾਣੀ ਦੀ ਤੁਕ, ਦਾ ਧਿਆਨ ਕਰਦੇ ਹਨ। ਦੂਸਰੇ ਧਰਮਾਂ ਵਿਚ ਕੋਈ ਗਾਇਤਰੀ ਮੰਤਰ (ਹਿੰਦੂ) ਸਿਮਰਦਾ ਹੈ, ਕੋਈ ਕੁਰਾਨ ਦੀ ਆਇਤ (ਮੁਸਲਮਾਨ) ਤੇ ਕੋਈ ਬਾਈਬਲ ਦਾ ਮੰਤਰ (ਇਸਾਈ)। ਪਰ ਇਹ ਸਭ ਆਕਾਰੀ ਸਿਮਰਨ ਹਨ। ਅਸਲ ਵਿਚ ਸਿਮਰਨ ਦੀਆਂ ਇਕ-ਦੋ ਪ੍ਰਣਾਲੀਆਂ ਨੂੰ ਛੱਡ ਕੇ, ਸਾਰੇ ਧਰਮਾਂ ਵਾਲੇ ਆਕਾਰ ਦਾ ਹੀ ਸਿਮਰਨ ਕਰਦੇ ਹਨ। ਸਭ ਮੰਤਰਾਂ ਦਾ ਆਕਾਰ ਹੈ ਭਾਵੇਂ ਇਹ ਮੂਰਤੀਆਂ ਨਾਲੋਂ ਘੱਟ ਸਥੂਲ ਹੈ। ਹਿੰਦੂ ਭਗਤ ਆਪਣੇ ਕਿਸੇ ਨਾ ਕਿਸੇ ਇਸ਼ਟ ਦੇਵਤੇ ਦੀ ਪੂਜਾ, ਆਰਾਧਨਾ ਜਾਂ ਧਿਆਨ ਕਰਦਾ ਹੈ। ਕਿਸੇ ਚੋਣਵੇਂ ਦੇਵਤੇ ਨਾਲ ਪਿਆਰ ਪਾਉਂਦਾ ਹੈ। ਨਿਰੰਕਾਰ ਤਕ ਪਹੁੰਚਣ ਲਈ ਆਕਾਰ ਦਾ ਸਹਾਰਾ ਲੈਣਾ ਹੀ ਪੈਂਦਾ ਹੈ। ਪਰ ਅਖੀਰ ਵਿਚ ਸਭ ਸਹਾਰੇ ਛੱਡਣੇ ਪੈਂਦੇ ਹਨ—

**ਸਵਾਲ**—ਕੀ ਆਪ ਜੀ ਸਾਨੂੰ ਸਾਡੇ ਵਾਹਿਗੁਰੂ ਦੇ ਜਾਪ ਤੇ ਗੁਰੂ ਗ੍ਰੰਥ ਸਾਹਿਬ ਦੀ ਭਗਤੀ ਛੱਡਣ ਲਈ ਕਹਿ ਰਹੇ ਹੋ ?

**ਜਵਾਬ**—ਮੈਂ ਕੁਝ ਵੀ ਛੱਡਣ ਲਈ ਨਹੀਂ ਕਹਿ ਰਿਹਾ। ਮੈਂ ਸਿਰਫ ਨਿਰੰਕਾਰ ਸ਼ਬਦ ਦੀ ਵਿਆਖਿਆ ਕਰ ਰਿਹਾ ਹਾਂ। ਅਸੀਂ ਜਿਥੇ ਹਾਂ ਉਸ ਤਲ ਤੇ ਸ਼ਾਇਦ ਅਸੀਂ ਨਾ ਵਾਹਿਗੁਰੂ ਦਾ ਸਿਮਰਨ ਕਰਦੇ ਹਾਂ, ਨਾ ਗੁਰਬਾਣੀ ਨਾਲ ਪਿਆਰ। ਅਸੀਂ ਹਾਲਾਂ ਇਨ੍ਹਾਂ ਨੂੰ ਅਪਨਾਇਆ ਹੀ ਨਹੀਂ। ਜੇ ਅਪਨਾਇਆ ਹੀ ਨਹੀਂ ਤਾਂ ਛੱਡਣ ਦਾ ਸਵਾਲ ਕਿਥੋਂ ਸ਼ੁਰੂ ਹੋਇਆ। ਜੇ ਆਕਾਰ ਦੀ ਗੱਲ ਹੀ ਸਮਝ ਨਹੀਂ ਆਈ ਤਾਂ ਨਿਰਾਕਾਰ ਦੀ ਗੱਲ ਕਿਵੇਂ ਸਮਝ ਆਏਗੀ। ਪਹਿਲਾਂ ਆਕਾਰ ਤੋਂ ਯਾਤਰਾ ਸ਼ੁਰੂ ਕਰੋ। ਚਲੋਗੇ ਤਾਂ ਪਾਉਗੇ ਕਿ ਅੱਗੇ ਰਸਤਾ ਨਹੀਂ ਲੱਭਦਾ। ਅੱਗੇ ਰਸਤਾ ਹੈ ਹੀ ਨਹੀਂ। ਅੱਗੇ ਖਾਈ ਹੈ ਜਿਸ ਦਾ ਆਰ-ਪਾਰ ਨਹੀਂ ਦਿਸਦਾ। ਅਸਲ ਵਿਚ ਇਹ ਨਿਰਾਕਾਰ ਹੈ, ਆਕਾਸ਼ ਹੈ, ਵੈਕਯੂਮ (VACUUM) ਹੈ। ਉਦੋਂ ਜੇ ਚਾਹੋਗੇ ਤਾਂ ਨਿਰੰਕਾਰ ਵਿਚ ਛਾਲ ਮਾਰ ਦੇਣਾ ਤੇ ਸਚ ਖੰਡ ਪਹੁੰਚ ਜਾਣਾ। ਜੇ ਇਸ ਤਰ੍ਹਾਂ ਨਾ ਕਰਨਾ ਚਾਹੋ ਜਾਂ ਨਾ ਕਰ ਸਕੋ ਤਾਂ ਗੁਰ ਦਰਬਾਰ ਵਿਚ ਬੈਠੇ ਰਹਿਣਾ। ਕਿਉਂਕਿ ਹੈ ਤਾਂ ਉਹੀ "ਨਿਰਗੁਨੁ ਆਪਿ ਸਰਗੁਨੁ ਭੀ ਓਹੀ"। ਇਥੇ ਵੀ ਅਨੰਦ ਹੀ ਅਨੰਦ ਹੈ। ਬਹੁਤ ਭਗਤ ਤੇ ਸਿਮਰਨ ਅਭਿਆਸੀ ਇਥੇ



Digitized by Panjab Digital Library | www.panjabdigilib.org

ਹੀ ਰੁਕ ਕੇ ਅਨੰਦ ਮਾਣਦੇ ਰਹਿੰਦੇ ਹਨ । ਸਿਰਫ ਇਹ ਸਚ ਖੰਡ ਨਹੀਂ, ਇਹ ਨਿਰੰਕਾਰ ਦਾ ਰੂਪ ਨਹੀਂ । ਪਹਿਲੀ ਜਮਾਤ ਦੇ ਬੱਚੇ ਨੂੰ ਕਈ ਵਾਰੀ ਐਮ. ਏ. ਦੇ ਕੋਰਸ ਦੀ ਗੱਲ ਸਮਝ ਨਹੀਂ ਆਉਂਦੀ । ਪਰ ਜੇ ਉਸ ਨੇ ਅੱਜ ਸੁਣ ਲਿਆ ਹੋਏ ਤਾਂ ਜਦੋਂ ਉਹ ਐਮ. ਏ. ਵਿਚ ਜਾਏਗਾ ਤਾਂ ਉਦੋਂ ਅੱਜ ਦੀ ਕਹੀ ਗੱਲ ਆਸਾਨੀ ਨਾਲ ਸਮਝ ਆ ਜਾਏਗੀ । ਇਸ ਸੰਗਤ ਵਿਚ ਕਈ ਪੁਜੇ ਹੋਏ ਮੇਰੀ ਗੱਲ ਨੂੰ ਸਮਝਦੇ ਹੋਣਗੇ । ਤੁਸੀਂ ਵੀ ਸਮਝ ਜਾਉਗੇ । ਹਾਲਾਂ ਸਿਰਫ ਸਮਝ ਲਉ । ਮੈਂ ਕੁਝ ਵੀ ਛੱਡਣ ਲਈ ਨਹੀਂ ਕਹਿ ਰਿਹਾ । ਮੈਂ ਤਾਂ ਸਿਰਫ ਧਰਮ ਕਮਾਉਣ ਲਈ ਕਹਿ ਰਿਹਾ ਹਾਂ । ਧਰਮ ਕਮਾਉ, ਸਰਮ ਕਰੋ, ਉਸ ਦੇ ਕਰਮ ਦੇ ਪਾਤਰ ਬਣੋ । ਜਦੋਂ ਇਹ ਸਭ ਹੋ ਜਾਏ ਤਾਂ ਫਿਰ ਛੱਡਣ ਦੀ ਗੱਲ ਕਰਾਂਗੇ । ਹਾਲਾਂ ਧਰਮ ਦੇ ਮਾਰਗ ਤੇ ਚਲਣਾ ਤਾਂ ਸ਼ੁਰੂ ਕਰੋ । ਭਾਈ ਗੁਰਦਾਸ ਜੀ ਦੀ ਕਬਿਤ ਯਾਦ ਆਉਂਦੀ ਹੈ—

— ਚਲਤ ਚਲਤ ਜੈਸੇ ਪਹੁਚੇ ਠਿਕਾਨੈ ਜਾਇ
ਖੋਜਤ ਖੋਜਤ ਗੁਰ ਸਬਦੁ ਲਿਵਲੀਨ ਹੈ ॥

...ਖੈਰ ਗੱਲ ਹੋ ਰਹੀ ਸੀ ਕਿ ਨਿਰੰਕਾਰ ਨੂੰ ਪਾਉਣ ਲਈ ਆਕਾਰ ਨੂੰ ਛੱਡਣਾ ਪੈਂਦਾ ਹੈ । ਇਸ ਗੱਲ ਨੂੰ ਅਸੀਂ ਭਾਈ ਲਹਿਣਾ ਜੀ ਦੇ ਜੀਵਨ ਰਾਹੀਂ ਸਮਝਦੇ ਹਾਂ । ਭਾਈ ਜੀ ਦੁਰਗਾ ਮਾਂ ਦੇ ਭਗਤ ਸਨ । ਹਰ ਸਾਲ ਆਪਣੀ ਇਸ਼ਟ ਦੇਵੀ ਦੀ ਮੂਰਤੀ ਦੇ ਦਰਸ਼ਨਾਂ ਲਈ ਜੁਆਲਾਮੁਖੀ ਜਾਂਦੇ ਸਨ । ਇਹ ਕਰਮ ਕਈ ਸਾਲਾਂ ਤਕ ਚਲਿਆ । ਜਦੋਂ ਆਪ ਜੀ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਆ ਗਏ ਤਾਂ ਗੁਰੂ ਜੀ ਨੇ ਨਿਰੰਕਾਰ ਦੇ ਸਿਮਰਨ ਲਈ ਕਿਹਾ । ਭਾਈ ਜੀ ਨੇ ਬਹੁਤ ਮਿਹਨਤ ਕੀਤੀ ਪਰ ਲੰਬੇ ਸਮੇਂ ਤਕ ਮਨ ਵਿਚ ਸਥਾਪਿਤ ਕੀਤੀ ਮੂਰਤੀ ਨੂੰ ਧਿਆਨ 'ਚੋਂ ਨਾ ਕੱਢ ਸਕੇ । ਉਹ ਮੂਰਤੀ ਮੁੜ ਮੁੜ ਧਿਆਨ ਵਿਚ ਆਉਂਦੀ ਰਹੀ ਤੇ ਨਿਰੰਕਾਰ ਦੇ ਧਿਆਨ ਵਿਚ ਉਸ ਦਾ ਆਕਾਰ ਅੜਚਣ ਪਾਉਂਦਾ ਰਿਹਾ । ਅਖੀਰ ਗੁਰੂ ਨਾਨਕ ਦੇਵ ਜੀ ਨੇ ਇਕ ਦਿਨ ਆਪਣੀ ਆਤਮਕ ਸ਼ਕਤੀ ਰਾਹੀਂ ਉਸ ਮੂਰਤੀ ਨੂੰ ਹਮੇਸ਼ਾ ਲਈ ਭਾਈ ਜੀ ਦੇ ਧਿਆਨ ਵਿਚੋਂ ਕਢ ਦਿੱਤਾ ਕਿਉਂਕਿ ਨਿਰੰਕਾਰ ਤਕ ਅਪੜਣ ਲਈ ਇਹੀ ਇਕ ਅੜਚਣ ਹੁੰਦੀ ਹੈ ।

ਅੱਜ ਕਲ੍ਹ ਬੰਬਈ ਵਿਚ ਗਣੇਸ਼ ਪੂਜਾ ਬੜੇ ਜ਼ੋਰ ਨਾਲ ਚਲ ਰਹੀ ਹੈ । ਦਸ



Digitized by Panjab Digital Library | www.panjabdigilib.org

ਦਿਨ ਇਸ ਦੇਵਤੇ ਦੀ ਪੂਜਾ ਬੜੀ ਧੂਮ ਧਾਮ ਤੇ ਸ਼ਰਧਾ ਨਾਲ ਹੁੰਦੀ ਹੈ ਤੇ ਦੱਸਵੇਂ ਦਿਨ ਇਸੇ ਮੂਰਤੀ ਨੂੰ ਜਲ ਪ੍ਰਵਾਹ ਕਰ ਦਿੱਤਾ ਜਾਂਦਾ ਹੈ। ਲੱਖਾਂ ਦੀ ਗਿਣਤੀ ਵਿਚ ਗਣੇਸ਼ ਦੀਆਂ ਮੂਰਤੀਆਂ ਨੂੰ ਸਮੁੰਦਰ ਵਿਚ ਰੋੜ੍ਹ ਦਿੱਤਾ ਜਾਂਦਾ ਹੈ। ਕਿਉਂ ? ਜਿਸ ਮੂਰਤੀ ਨੂੰ ਬੜੇ ਸਤਿਕਾਰ ਨਾਲ ਘਰ ਘਰ ਸਥਾਪਿਤ ਕੀਤਾ ਜਾਂਦਾ ਹੈ ਤੇ ਪੂਜਿਆ ਜਾਂਦਾ ਹੈ, ਕਿਉਂ ਉਸ ਦਾ ਜਲ ਪ੍ਰਵਾਹ ਕਰ ਦਿੱਤਾ ਜਾਂਦਾ ਹੈ ? ਇਸ ਪਿਛੇ ਇਹੀ ਸਿਖਿਆ ਹੈ ਕਿ ਆਕਾਰ (ਮੂਰਤੀ) ਨੂੰ ਅਖੀਰ ਵਿਚ ਛੱਡਣਾ ਪੈਂਦਾ ਹੈ ਤਾਂ ਹੀ ਨਿਰੰਕਾਰ ਤਕ ਪਹੁੰਚਿਆ ਜਾਂਦਾ ਹੈ। ਦਸ ਦਿਨਾਂ ਦੀ ਪੂਜਾ ਪ੍ਰਤੀਕ ਹੈ ਦਸ ਮਹੀਨੇ, ਦਸ ਸਾਲ ਜਾਂ ਦਸ ਦਹਾਕੇ (ਸੌ ਸਾਲ) ਦੀ। ਕਿੰਨੀ ਵੀ ਪੂਜਾ ਕਰੋ, ਅਖੀਰ ਵਿਚ ਉਸ ਮੂਰਤੀ ਨੂੰ ਤਿਆਗਣਾ ਹੀ ਪੈਂਦਾ ਹੈ, ਉਸ ਮੰਤਰ ਨੂੰ ਛੱਡਣਾ ਹੀ ਪੈਂਦਾ ਹੈ। ਇਹੀ ਸਚ ਖੰਡ ਤਕ ਅਪੜਣ ਲਈ ਕਰਨਾ ਪੈਂਦਾ ਹੈ। ਪਤਾਂਜਲੀ ਆਪਣੇ ਯੋਗ ਸ਼ਾਸਤਰ ਵਿਚ ਲਿਖਦਾ ਹੈ ਕਿ ਪਹਿਲਾਂ ਆਪਣੇ ਧਰਮ ਗ੍ਰੰਥ ਦੇ ਆਕਾਰ ਤੇ ਧਿਆਨ ਕਰੋ, ਹੌਲੀ-ਹੌਲੀ ਗ੍ਰੰਥ ਦਾ ਆਕਾਰ ਮਧਮ ਪੈਂਦਾ ਜਾਏਗਾ ਤੇ ਇਸ ਵਿਚ ਲਿਖੇ ਸ਼ਬਦ ਉਭਰ ਕੇ ਮਨ ਵਿਚ ਆਉਣਗੇ। ਫਿਰ ਗ੍ਰੰਥ ਧਿਆਨ ਵਿਚੋਂ ਹਟ ਜਾਏਗਾ ਤੇ ਸਿਰਫ਼ ਸ਼ਬਦ ਰਹਿ ਜਾਣਗੇ। ਫਿਰ ਹੌਲੀ-ਹੌਲੀ ਸ਼ਬਦਾਂ ਦਾ ਆਕਾਰ ਵੀ ਮੱਧਮ ਪੈਂਦਾ ਜਾਏਗਾ ਤੇ ਉਨ੍ਹਾਂ ਸ਼ਬਦਾਂ ਦਾ ਭਾਵ ਉੱਪਰ ਆਏਗਾ। ਫਿਰ ਹੌਲੀ-ਹੌਲੀ ਭਾਵ ਮੱਧਮ ਪੈਂਦਾ ਜਾਏਗਾ ਤੇ ਇਨ੍ਹਾਂ ਭਾਵਾਂ ਦਾ ਅਨੁਭਵ ਕਰਨ ਵਾਲਾ ਉਭਰਨਾ ਸ਼ੁਰੂ ਹੋਏਗਾ। ਸਮਾਂ ਪਾ ਕੇ ਇਹ ਅਨੁਭਵ ਕਰਨ ਵਾਲਾ "ਮੈਂ" ਵੀ ਮੱਧਮ ਪੈ ਜਾਏਗਾ ਤੇ ਤੁਸੀਂ ਉਸ ਅਵਸਥਾ ਵਿਚ ਪਹੁੰਚ ਜਾਉਗੇ ਜਿਥੇ ਨਾ ਮੈਂ ਹੈ ਨਾ ਕੋਈ ਹੋਰ। ਇਹੀ ਨਿਰੰਕਾਰੀ ਅਵਸਥਾ ਹੈ, ਇਹੀ ਸਚ ਖੰਡ ਹੈ।

## ਕਰਿ ਕਰਿ ਵੇਖੈ ਨਦਰਿ ਨਿਹਾਲ ॥

"ਕਰਿ" ਸ਼ਬਦ ਦੋ ਵਾਰੀ ਕਿਉਂ ਆਉਂਦਾ ਹੈ ? 'ਕਰਿ ਕਰਿ' ਕਿਉਂ ਲਿਖਿਆ ਹੈ ? ਇਸਾਈਆਂ ਦਾ ਮਤ ਹੈ ਕਿ ਰੱਬ ਨੇ ਦੁਨੀਆਂ ਬਨਾਉਣ ਲਈ ਛੇ ਦਿਨ (ਸੋਮ ਤੋਂ ਸਨੀਚਰ) ਕੰਮ ਕੀਤਾ ਤੇ ਦੁਨੀਆਂ ਮੁਕੰਮਲ ਕਰ ਦਿੱਤੀ। ਸੱਤਵੇਂ ਦਿਨ (ਐਤਵਾਰ) ਉਸ ਨੇ ਆਰਾਮ ਕੀਤਾ। ਇਹੀ ਕਾਰਣ ਹੈ ਕਿ ਇਸਾਈ ਦੇਸ਼ਾਂ ਵਿਚ (ਜਾਂ ਜਿਥੇ ਇਸਾਈਆਂ ਦਾ ਰਾਜ ਹੈ ਜਾਂ ਰਹਿ ਚੁਕਿਆ ਹੈ) ਐਤਵਾਰ ਨੂੰ



Digitized by Panjab Digital Library | www.panjabdigilib.org

ਛੁਟੀ ਕੀਤੀ ਜਾਂਦੀ ਹੈ। ਵਿਸ਼ਵਾਸ ਹੈ ਕਿ ਜੇ ਰੱਬ ਨੇ ਐਤਵਾਰ ਨੂੰ ਆਰਾਮ ਕੀਤਾ ਤਾਂ ਸਾਨੂੰ ਵੀ ਆਰਾਮ ਕਰਨਾ ਚਾਹੀਦਾ ਹੈ। ਗੁਰਮਤਿ ਤੇ ਭਾਰਤੀ ਮਤਿ ਹੈ ਕਿ ਸੰਸਾਰ ਬਣੀ ਜਾ ਰਿਹਾ ਹੈ। ਇਸੇ ਲਈ ਸੰਸਾਰ ਨੂੰ "ਭਵ ਸਾਗਰ" ਕਿਹਾ ਗਿਆ ਹੈ। "ਭਵ" ਦਾ ਅਰਥ ਹੈ "ਹੋਣਾ, ਹੋਈ ਜਾਣਾ।" ਸੰਸਾਰ ਹੋਈ ਹੀ ਜਾ ਰਿਹਾ ਹੈ। ਵਿਗਿਆਨਕਾਂ ਨੇ ਦੂਰਬੀਨ ਰਾਹੀਂ ਦੇਖਿਆ ਹੈ ਕਿ ਤਾਰਿਆਂ (ਤਾਰੇ ਸੂਰਜ ਹੀ ਹਨ) ਦੇ ਝੁੰਡ ਦੇ ਝੁੰਡ ਦੂਰਬੀਨ ਅੱਗੇ ਆਈ ਜਾਂਦੇ ਹਨ, ਆਈ ਜਾਂਦੇ ਹਨ। ਇਹ ਸੂਰਜਾਂ ਦੇ ਝੁੰਡ ਕਿਥੋਂ ਆ ਰਹੇ ਹਨ, ਕਿਥ ਜਾ ਰਹੇ ਹਨ, ਪਤਾ ਨਹੀਂ ਚਲਦਾ। ਪਰ ਯਕੀਨ ਹੈ ਕਿ ਸੰਸਾਰ ਬਣੀ ਜਾ ਰਿਹਾ ਹੈ। ਕਰਤਾ ਆਪਣੀ ਕਿਰਤ ਕਰੀ ਹੀ ਜਾ ਰਿਹਾ ਹੈ। ਉਹ ਕਰਦਾ ਕਿਵੇਂ ਹੈ?

ਪਹਿਲਾਂ ਵਾਹਿਗੁਰੂ ਸੁੰਨ ਅਵਸਥਾ ਵਿਚ ਸੀ। ਅਰਬਾਂ ਤੇ ਖਰਬਾਂ ਸਾਲਾਂ ਤੋਂ ਪਹਿਲਾਂ, ਬੇ-ਅੰਤ ਸਮੇਂ ਤਕ (ਨਰਬਦ=ਨ+ਅਰਬ+ਦ) ਹਨੇਰਾ ਸੀ। ਉਦੋਂ ਨਾ ਧਰਤੀ ਸੀ ਨਾ ਆਕਾਸ਼, ਨਾ ਦਿਨ ਸੀ ਨਾ ਰਾਤ, ਨਾ ਚੰਨ ਸੀ ਨਾ ਸੂਰਜ। ਸਿਰਫ ਵਾਹਿਗੁਰੂ ਆਪਣੀ ਸੁੰਨ (ਨਿਰਵਿਚਾਰ) ਅਵਸਥਾ ਵਿਚ ਸੀ। ਗੁਰਵਾਕ ਹੈ—

— ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥

(ਪੰਨਾ ੧੦੩੫)

ਫਿਰ ਵਾਹਿਗੁਰੂ ਨੂੰ ਵਿਚਾਰ ਆਇਆ ਤੇ ਜਗਤ ਬਣ ਗਿਆ। "ਜਾ ਤਿਸੁ ਭਾਣਾ ਤਾ ਜਗਤੁ ਉਪਾਇਆ"। ਉਸ ਵਿਚਾਰ ਸ਼ਕਤੀ ਰਾਹੀਂ ਹੀ ਤੱਤ (ਪਉਣ, ਪਾਣੀ, ਬੈਸੰਤਰ) ਇਕੱਠੇ ਹੋਏ ਤੇ ਪ੍ਰਭੂ ਦਾ ਸੁੰਨ ਰੂਪ (ਨਿਰਾਕਾਰ ਰੂਪ) ਖੰਡ-ਮੰਡਲ ਬ੍ਰਹਮੰਡ ਵਿਚ ਪ੍ਰਗਟ ਹੋ ਗਿਆ। ਗੁਰਵਾਕ ਹੈ—

— ਆਪੇ ਆਪੁ ਉਪਾਇ ਨਿਰਾਲਾ। ਸਾਚਾ ਥਾਨੁ ਕੀਓ ਦਇਆਲਾ॥
ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ॥

(ਪੰਨਾ ੧੦੩੬)



Digitized by Panjab Digital Library | www.panjabdigilib.org

— ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥

(ਪੰਨਾ ੧੦੩੬)

— ਸੁੰਨ ਕਲਾ ਅਪਰੰਪਰਿ ਧਾਰੀ । ਆਪਿ ਨਿਰਾਲਮੁ ਅਪਰ ਅਪਾਰੀ ॥
ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥ ੧ ॥
ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥
ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੈ ਕਲਾ ਰਹਾਇਦਾ ॥

(ਪੰਨਾ ੧੦੩੭)

ਪ੍ਰਭੂ ਨੂੰ ਵਿਚਾਰ ਆਇਆ ਤੇ ਉਸ ਵਿਚਾਰ ਸ਼ਕਤੀ ਰਾਹੀਂ ਸਭ ਤੱਤ (ATOMS) ਉਭਰੇ ਤੇ ਉਨ੍ਹਾਂ ਨੇ ਵੱਖੋ-ਵਖਰੇ ਆਕਾਰ ਧਾਰਨ ਕਰ ਲਏ । ਗੁਰਵਾਕ ਹੈ—

— ਓਅੰਕਾਰਿ ਸਭ ਸ੍ਰਿਸਟਿ ਉਪਾਈ ॥
ਸਭੁ ਖੇਲ ਤਮਾਸਾ ਤੇਰੀ ਵਡਿਆਈ ॥

(ਪੰਨਾ ੧੦੬੧)

ਸਭ ਕਿਰਤ ਕਰਕੇ ਪ੍ਰਭੂ ਅਲੱਗ ਨਹੀਂ ਹੋ ਗਿਆ ਕਿਉਂਕਿ ਉਹ ਆਪਣੀ ਕਿਰਤ ਵੇਖੀ ਜਾ ਰਿਹਾ ਹੈ, "ਕਰਿ ਕਰਿ ਵੇਖੈ" । ਕਿਵੇਂ ਵੇਖਦਾ ਹੈ ? ਇਸ ਤਰ੍ਹਾਂ ਨਹੀਂ ਜਿਵੇਂ ਕਿਸੇ ਫੈਕਟਰੀ ਦਾ ਮਾਲਕ ਦੇਖਦਾ ਹੈ । ਉਸ ਦੇ ਦੇਖਣ ਦੀ ਕ੍ਰਿਆ ਮਾਲ ਤਿਆਰ ਹੋਣ ਤੱਕ ਹੀ ਹੈ । ਮਾਲ ਬਣ ਕੇ ਫੈਕਟਰੀਉਂ ਬਾਹਰ ਨਿਕਲ ਗਿਆ ਤਾਂ ਉਸ ਦਾ ਦੇਖਣਾ ਕਰੀਬ ਕਰੀਬ ਬੰਦ ਹੋ ਜਾਂਦਾ ਹੈ । ਪਰ ਪ੍ਰਭੂ ਦਾ ਦੇਖਣਾ ਹੋਰ ਪ੍ਰਕਾਰ ਦਾ ਹੈ । ਉਹ ਕ੍ਰਿਤ ਕਰਨ ਦੇ ਬਾਦ ਵੀ ਵੇਖੀ ਹੀ ਜਾਂਦਾ ਹੈ ਹਮੇਸ਼ਾ ਸਾਰ ਲਈ ਜਾਂਦਾ ਹੈ । ਉਸਦਾ ਵੇਖਣਾ ਇਕ ਮਾਲੀ ਵਾਂਗ ਹੈ ਜਿਹੜਾ ਨਿਤ-ਪ੍ਰਤੀ ਆਪਣੇ ਬਗੀਚੇ ਦੇ ਝਾੜ ਫੁਲ-ਪੱਤੇ, ਵਲ ਵੇਖਦਾ ਹੀ ਰਹਿੰਦਾ ਹੈ । ਉਹ ਆਪਣੇ ਬਗੀਚੇ ਦੀ ਦੇਖ-ਭਾਲ ਕਰਦਾ ਹੈ, ਲੋੜੀਂਦੀ ਮਿਟੀ ਪਾਣੀ ਖਾਦ ਦੇਂਦਾ ਰਹਿੰਦਾ ਹੈ । ਗਰਮੀ-ਪਾਲੇ-ਬੀਮਾਰੀ ਤੋਂ ਬਚਾਉਂਦਾ ਹੈ ਤੇ ਹਰ ਸਮੇਂ ਉਸ ਦਾ ਧਿਆਨ ਆਪਣੇ ਬਗੀਚੇ ਵਲ ਰਹਿੰਦਾ ਹੈ । ਇਸ ਤਰ੍ਹਾਂ ਹੀ ਵਾਹਿਗੁਰੂ "ਕਰਿ-ਕਰਿ" ਕੇ ਵੇਖਦਾ



Digitized by Panjab Digital Library | www.panjabdigilib.org

ਹੈ ਤੇ ਸੰਭਾਲਦਾ ਹੈ। ਗੁਰਵਾਕ ਹੈ—

— ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ ॥
ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥

(ਪੰਨਾ ੪੬੭)

— ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥
ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥

(ਪੰਨਾ ੨੦)

— ਤੂੰ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥

(ਪੰਨਾ ੭੨੪)

— ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ ॥
ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ ॥

(ਪੰਨਾ ੭੨੪)

ਜਿਸ ਪ੍ਰਭੂ ਨੇ ਇਹ ਬਗੀਚਾ ਲਾਇਆ ਹੈ ਉਹ ਆਪ ਹੀ ਇਸ ਦੀ ਸਾਰ ਵੀ ਲੈਂਦਾ ਰਹਿੰਦਾ ਹੈ। ਆਪਣੀ ਕ੍ਰਿਤ ਵਲੋਂ ਅੱਡ ਨਹੀਂ ਹੋਇਆ। ਨਾ ਸਿਰਫ ਦੇਖਦਾ ਹੈ ਬਲਕਿ ਪਿਆਰ ਦੀ ਨਜ਼ਰ ਨਾਲ ਦੇਖਦਾ ਹੈ। ਉਸ ਨਜਰ ਨਾਲ ਦੇਖਦਾ ਹੈ ਕਿ ਜਿਸ ਰਾਹੀਂ ਅਸੀਂ ਨਿਹਾਲ ਹੋ ਜਾਂਦੇ ਹਾਂ, "ਕਰਿ ਕਰਿ ਵੇਖੈ ਨਦਰਿ ਨਿਹਾਲ।"

**ਤਿਥੈ ਖੰਡ ਮੰਡਲ ਵਰਭੰਡ ॥**

ਖੰਡ, ਮੰਡਲ ਤੇ ਬ੍ਰਹਮੰਡ ਸ਼ਬਦ ਗੁਰਬਾਣੀ ਵਿਚ ਕਈ ਥਾਈਂ ਆਉਂਦੇ ਹਨ ਜਿਵੇਂ—

— ਖੰਡ ਬ੍ਰਹਮੰਡ ਬੇਅੰਤ ਉਧਾਰਣ ਹਾਰਿਆ ॥

(ਪੰਨਾ ੯੬੩)



Digitized by Panjab Digital Library | www.panjabdigilib.org

— ਖੰਡ ਪਤਾਲ ਦੀਪ ਸਭਿ ਲੋਆ ॥
ਸਭਿ ਕਾਲੈ ਵਸਿ ਆਪਿ ਪ੍ਰਭਿ ਕੀਆ ॥

(ਪੰਨਾ ੧੦੭੬)

— ਖੰਡ ਦੀਪ ਸਭਿ ਲੋਆ, ਏਕ ਕਵਾਵੈ ਤੇ ਸਭਿ ਹੋਆ ॥

(ਪੰਨਾ ੧੦੦੩)

— ਖੰਡ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥

(ਪੰਨਾ ੭੯)

'ਖੰਡ' ਦਾ ਅਰਥ ਹੈ 'ਟੁਕੜਾ, ਹਿੱਸਾ, ਅਪੂਰਨ'। "ਮੰਡਲ" ਦਾ ਅਰਥ ਹੈ, "ਖੰਡਾਂ ਦੀ ਟੋਲੀ, ਖੰਡਾਂ ਦਾ ਗਰੁਪ, ਖੰਡਾਂ ਦਾ ਗਰੋਹ।" ਤੇ "ਬ੍ਰਹਮੰਡ" ਦਾ ਅਰਥ ਹੈ, ਮੰਡਲਾਂ ਦੀ ਟੋਲੀ, ਮੰਡਲਾਂ ਦਾ ਗਰੁਪ'। ਇਵੇਂ ਸਮਝੋ। ਰਾਹੂ, ਕੇਤੂ, ਸ਼ਨੀ, ਆਦਿ ਗ੍ਰਹਿ ਸਾਡੀ ਧਰਤੀ ਦੇ ਖੰਡ ਹਨ। ਸਾਡੀ ਧਰਤੀ ਦਾ ਡਾਇਆਮੀਟਰ (Diameter) ਕਰੀਬਨ ੮੦੦੦ ਮੀਲ ਹੈ ਤੇ ਇਹ ਸਾਰੇ ਗ੍ਰਹਿਆਂ ਨਾਲੋਂ ਛੋਟੀ ਹੈ। ਬੁਧ (ਜੁਪੀਟਰ) ਗ੍ਰਹਿ ਸਾਡੀ ਧਰਤੀ ਨਾਲੋਂ ੧੦੦੦ ਗੁਣਾ ਵੱਡਾ ਹੈ। ਸੂਰਜ ਸਾਡੀ ਧਰਤੀ ਨਾਲੋਂ ੧੦੦ ਗੁਣਾ ਵੱਡਾ ਹੈ ਤੇ ਕਰੀਬਨ ੯ ਕਰੋੜ ਮੀਲ ਦੂਰ ਹੈ। ਸਾਡੇ ਸੂਰਜ ਦੇ ਨੌਂ ਗ੍ਰਹਾਂ ਦੇ ਟੋਲੇ ਨੂੰ ਮੰਡਲ ਕਹਾਂਗੇ। ਇਹ ਸਾਰੇ ਖੰਡ ਸੂਰਜ ਦੇ ਆਲੇ ਦੁਆਲੇ ਘੁੰਮਦੇ ਹਨ ਤੇ ਇਸ ਸਾਰੇ ਮੰਡਲ ਦਾ ਸਾਂਝਾ ਨਾਂ ਹੈ ਸੂਰਜ ਸਿਸਟਿਮ (Solar System)।

ਇਸ ਤਰ੍ਹਾਂ ਦੇ ਬੇ-ਅੰਤ ਸੂਰਜ ਹਨ। ਅਸਮਾਨ ਵਿਚ ਜਿਹੜੇ ਤਾਰੇ ਦਿਸਦੇ ਹਨ ਉਹ ਸਭ ਸੂਰਜ ਹਨ ਤੇ ਸਾਡੇ ਸੂਰਜ ਨਾਲੋਂ ਕਈ ਗੁਣਾ ਵੱਡੇ ਹਨ। ਇਹ ਤਾਰੇ (ਸੂਰਜ) ਬੇ-ਅੰਤ ਹਨ। ਦੂਰਬੀਨ ਰਾਹੀਂ ੧੫੦ ਕਰੋੜ ਤਾਰੇ (ਸੂਰਜ) ਦੇਖੇ ਜਾ ਚੁਕੇ ਹਨ ਤੇ ਕੈਮਰਿਆਂ ਰਾਹੀਂ ੩੦੦੦ ਕਰੋੜ ਤਾਰਿਆਂ (ਸੂਰਜਾਂ) ਦੀ ਫੋਟੋ ਲਈ ਜਾ ਚੁਕੀ ਹੈ। ਹਰ ਇਕ ਤਾਰੇ ਦੇ ਆਪਣੇ ਆਪਣੇ ਗ੍ਰਹਿ ਹਨ ਤੇ ਹਰ ਇਕ ਤਾਰੇ ਦੇ ਗਰੁਪ ਨੂੰ ਮੰਡਲ ਕਹਿੰਦੇ ਹਨ। ਇਸ ਲਈ ਕਰੋੜਾਂ ਤਾਰੇ ਹਨ ਜਾਂ ਮੰਡਲ ਹਨ ਤੇ ਇਨ੍ਹਾਂ ਮੰਡਲਾਂ ਦੇ ਗਰੁਪਾਂ ਨੂੰ ਬ੍ਰਹਿਮੰਡ ਕਹਿੰਦੇ ਹਨ। ਬ੍ਰਹਮੰਡ ਵਿਚ ਮੰਡਲਾਂ (ਤਾਰਿਆਂ) ਦੀ ਗਿਣਤੀ ਦਾ ਅੰਤ ਨਹੀਂ ਮਿਲਦਾ।



Digitized by Panjab Digital Library | www.panjabdigilib.org

## ਜੇ ਕੋ ਕਥੈ ਤ ਅੰਤ ਨ ਅੰਤ ॥

ਅਸੀਂ ੩੦੦੦ ਕਰੋੜ ਤਾਰਿਆਂ ਦੀ ਫੋਟੋ ਲੈ ਲਈ ਹੈ ਪਰ ਇਹ ਅੰਤ ਨਹੀਂ। ਤਾਰੇ ਬੇ-ਅੰਤ ਹਨ। ਅਸੀਂ ੨੫ ਦੇ ਹਿੰਦਸੇ ਮਗਰ ਤਿਨ ਬਿੰਦੀਆਂ ਲਾ ਦੇਈਏ ਤਾਂ ੨੫ ਹਜ਼ਾਰ ਹੋ ਜਾਂਦਾ ਹੈ। ਜੇ ਅਸੀਂ ਸਤ ਬਿੰਦੀਆਂ ਲਾ ਦੇਈਏ ਤਾਂ ਪੰਜੀ ਕਰੋੜ ਹੋ ਜਾਂਦਾ ਹੈ। ਪਰ ਜੇ ਅਸੀਂ ੨੫ ਦੇ ਬਾਦ ੧੨ ਬਿੰਦੀਆਂ ਲਾ ਦੇਈਏ, ਤਾਂ ਅਸੀਂ ਕੀ ਸਮਝਾਂਗੇ ? ਕੁਝ ਸਮਝ ਨਹੀਂ ਆਏਗਾ। ਪਰ ਸਾਇੰਸ ਦੇ ਹਿਸਾਬ ਨਾਲ ਐਨੇ ਤਾਰੇ ਬ੍ਰਹਮੰਡ ਵਿਚ ਹਨ। ਇਸੇ ਲਈ ਗੁਰੂ ਜੀ ਕਹਿੰਦੇ ਹਨ ਕਿ ਬ੍ਰਹਮੰਡ ਦਾ ਕਥਨ ਨਹੀਂ ਹੋ ਸਕਦਾ ਕਿਉਂਕਿ ਉਸ ਦਾ ਅੰਤ ਨਹੀਂ ਲਗਦਾ।

ਹੋਰ ਸਮਝੋ। **ਪ੍ਰਕਾਸ਼** (Light) **ਇਕ ਸੇਕਿੰਡ ਵਿਚ ੧ ਲੱਖ ਛਿਆਸੀ ਹਜ਼ਾਰ ਮੀਲ ਦੀ ਸਪੀਡ ਨਾਲ ਚਲਦਾ ਹੈ।** ਯਾਨੀ ਇਕ ਸਾਲ ਵਿਚ ਪ੍ਰਕਾਸ਼ ੬000 000 000 000 ਮੀਲ ਪੈਂਡਾ ਮਾਰਦਾ ਹੈ। ਕੁਝ ਤਾਰੇ ਐਨੇ ਦੂਰ ਹਨ ਕਿ ਐਨੀ ਸਪੀਡ ਨਾਲ ਚਲਦਾ ਪ੍ਰਕਾਸ਼ ਸਾਡੇ ਕੋਲ ੧੫ ਕਰੋੜ ਸਾਲਾਂ ਬਾਅਦ ਪਹੁੰਚੇਗਾ !! ਹੈ ਕੋਈ ਅੰਤ ?

## ਤਿਥੈ ਲੋਅ ਲੋਅ ਆਕਾਰ ॥

ਲੋਅ ਦਾ ਅਰਥ ਹੈ ਲੋਕ। ਅਸੀਂ ਤਿੰਨ ਲੋਕਾਂ ਦੀ ਗਲ ਕਰਦੇ ਹਾਂ, ਯਾਨੀ ਤਿੰਨ ਤਲਾਂ ਦੀ—੧, ਧਰਤੀ ੨, ਧਰਤੀ ਦੇ ਉਪਰ ੩, ਧਰਤੀ ਦੇ ਥਲੇ।

ਇਸ ਵਿਚ ਸਭ ਆ ਜਾਂਦਾ ਹੈ ਕਿਉਂਕਿ ਕੁਝ ਵੀ ਇਨ੍ਹਾਂ ਲੋਕਾਂ ਤੋਂ ਬਾਹਰ ਨਹੀਂ "ਤ੍ਰੈ ਲੋਕ ਵਸਿਆ ਸਬਦ"। ਜੋ ਵੀ ਹੋਏਗਾ ਇਨ੍ਹਾਂ ਤਿੰਨਾਂ ਲੋਕਾਂ ਦੇ ਵਿਚ ਹੀ ਹੋਏਗਾ—ਜਿਥੇ ਅਸੀਂ ਖੜੋਤੇ ਹਾਂ ਉਥੇ, ਜਾਂ ਉਸ ਦੇ ਥੱਲੇ, ਜਾਂ ਉਸ ਦੇ ਉਪਰ, ਹੋਰ ਕਿੱਥੇ ਹੋਏਗਾ। ਇਨ੍ਹਾਂ ਸਾਰੇ ਲੋਕਾਂ ਦੇ ਆਕਾਰ ਹਨ। ਕਈ ਲੋਕਾਂ ਦਾ ਆਕਾਰ ਸਾਡੀ ਧਰਤੀ ਵਰਗਾ ਹੈ, ਕਈਆਂ ਦਾ ਇਸ ਤੋਂ ਛੋਟਾ ਤੇ ਕੁਝ ਦਾ ਇਸ ਨਾਲੋਂ ਵੱਡਾ। ਇਵੇਂ ਹੀ ਇਨ੍ਹਾਂ ਲੋਕਾਂ ਦੇ ਆਪਣੇ ਆਕਾਰ ਹਨ। ਫਿਰ ਇਨ੍ਹਾਂ ਲੋਕਾਂ ਦੇ ਨਦੀ-ਨਾਲੇ, ਪ੍ਰਬਤ-ਪਹਾੜ, ਝੀਲ-ਝਰਨਿਆਂ ਦਾ ਆਕਾਰ ਹੈ। ਸ਼ਾਇਦ ਇਨ੍ਹਾਂ ਲੋਕਾਂ ਵਿਚ ਸਥੂਲ ਆਕਾਰ ਦੇ ਜੀਅ-ਜੰਤ ਵੀ ਹੋਣ। ਹਾਲੀਂ ਤਕ ਸਾਇੰਸ ਨੂੰ ਧਰਤੀ ਤੋਂ ਛੁਟ ਹੋਰ ਕਿਸੇ ਖੰਡ ਵਿਚ ਕੋਈ ਜੀਵ ਮਿਲਣ ਦੀ ਸੰਭਾਵਨਾ ਨਹੀਂ ਮਿਲੀ। ਚੰਨ



Digitized by Panjab Digital Library | www.panjabdigilib.org

ਤੋਂ ਮਨੁੱਖ ਜਾ ਕੇ ਵੀ ਆ ਗਿਆ ਹੈ ਪਰ ਕੋਈ ਜੀਵ ਉਥੇ ਨਹੀਂ ਮਿਲਿਆ। ਹਲਕਾ ਜਿਹਾ ਵਿਸ਼ਵਾਸ ਹੈ ਕਿ ਸ਼ਾਇਦ ਮੰਗਲ (Mars) ਗ੍ਰਹਿ ਤੇ ਕੋਈ ਜੀਵ ਹੋਏ ਕਿਉਂਕਿ ਉਥੋਂ ਦੀ ਆਬੋ-ਹਵਾ ਸਾਡੀ ਧਰਤੀ ਨਾਲ ਰਲਦੀ ਮਿਲਦੀ ਹੈ। ਮੰਗਲ ਤਾਰੇ ਤੇ ਜਹਾਜ਼ ਭੇਜਿਆ ਗਿਆ ਹੈ। ਪੱਕੀ ਖਬਰ ਆਣ ਤੇ ਪਤਾ ਚਲੇਗਾ ਕਿ ਉਥੇ ਕੋਈ ਜੀਵ ਹੈ ਕਿ ਨਹੀਂ।

ਸਾਨੂੰ ਆਪਣੇ ਮੰਡਲ ਦਾ ਹੀ ਪੂਰਾ ਗਿਆਨ ਨਹੀਂ। ਸਾਡੀ ਧਰਤੀ ਦੇ ਗ੍ਰਹਿਾਂ ਉਤੇ ਜੀਵ ਹੋਣ ਦਾ ਸਿਰਫ ਕਿਆਸ ਹੈ। ਦੂਸਰੇ ਮੰਡਲਾਂ ਦੇ ਜੀਵਾਂ ਬਾਰੇ ਤਾਂ ਅਸੀਂ ਕਿਆਸ ਵੀ ਨਹੀਂ ਕਰ ਸਕਦੇ ਕਿਉਂਕਿ ਸਾਡੀ ਜਾਣਕਾਰੀ ਨਾ-ਕੁਝ ਦੇ ਬਰਾਬਰ ਹੈ। ਪਰ ਜੇ ਜੀਵ ਨ ਵੀ ਹੋਣ ਤਾਂ ਵੀ ਪ੍ਰਬਤ-ਪਹਾੜ ਤਾਂ ਹੈਨ ਹੀ। ਇਸ ਤਰ੍ਹਾਂ ਦਾ ਵੀ ਆਕਾਰ ਤਾਂ ਹੈ ਹੀ। ਬੇਲ ਬੂਟੇ, ਪ੍ਰਬਤ-ਪਹਾੜ ਵਿਚ ਵੀ "ਏਕਾ ਮਾਟੀ ਏਕਾ ਜੋਤ" ਹੀ ਹੈ। ਚੌਰਾਸੀ ਲੱਖ ਜੂਨਾਂ ਹਨ। ਇਨ੍ਹਾਂ ਵਿਚ ਪੇੜ-ਪ੍ਰਬਤ ਦੀ ਗਿਣਤੀ ਵੀ ਆਉਂਦੀ ਹੈ। ਗੁਰਵਾਕ ਹੈ—

— ਪਸੂ ਪੰਖੀ ਬਿਰਖ ਅਸਥਾਵਰ ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ।

(ਪੰਨਾ ੧੩੮੮)

— ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ॥
ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ॥

(ਪੰਨਾ ੭੦੫)

— ਜਾਤਿ ਵਰਨ ਤੁਰਕ ਅਰੁ ਹਿੰਦੂ॥
ਪਸੁ ਪੰਖੀ ਅਨਿਕ ਜੋਨਿ ਜਿੰਦੂ॥
ਸਗਲ ਪਾਸਾਰੁ ਦੀਸੈ ਪਾਸਾਰਾ॥
ਬਿਨਸਿ ਜਾਇਗੋ ਸਗਲ ਆਕਾਰਾ॥

(ਪੰਨਾ ੨੩੭)

ਸੋ ਮਨੁੱਖ, ਪਸੂ, ਪੰਖੀ, ਦਰਖਤ, ਪਥਰ ਆਦਿ ਸਭ ਆਕਾਰ ਵਾਲੇ ਹਨ ਤੇ ਜੀਵ ਆਤਮਾ ਹਨ ਕਿਉਂਕਿ "ਨਿਰੰਕਾਰ ਆਕਾਰ ਆਪਿ ਨਿਰਗੁਨ ਸੁਰਗਨ ਏਕ।"



Digitized by Panjab Digital Library | www.panjabdigilib.org

ਧਰਮ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਪੱਥਰਾਂ ਵਿਚ ਤੇ ਮਨੁੱਖਾਂ ਵਿਚ ਬਹੁਤਾ ਭੇਦ ਨਹੀਂ ਕਿਉਂਕਿ ਦੋਹਾਂ ਵਿਚ ਪ੍ਰਭੂ ਦੀ ਹੀ ਜੋਤ ਹੈ ਤੇ ਦੋਹਾਂ ਵਿਚ ਇਹ ਜੋਤ ਸੁਤੀ ਪਈ ਹੈ। ਨਾ ਮਨੁੱਖ ਨੂੰ ਆਪਣੀ ਆਤਮਾ ਦਾ ਪਤਾ ਹੈ ਨਾ ਪੱਥਰ ਨੂੰ। ਮਨੁੱਖ ਤੇ ਪੱਥਰ ਵਿਚ ਫਰਕ ਸਿਰਫ ਇੰਨਾ ਹੀ ਹੈ ਕਿ ਪੱਥਰ ਕੋਲ ਮਨ ਤੇ ਬੁਧ ਨਹੀਂ, ਮਨੁੱਖ ਕੋਲ ਹੈ। ਇਸ ਮਨ-ਬੁਧੀ ਦੀ ਵਰਤੋਂ ਨਾਲ ਮਨੁੱਖ ਆਪਣੀ ਸੁਤੀ ਆਤਮਾ ਜਗਾ ਸਕਦਾ ਹੈ। ਪੱਥਰ ਲਈ ਔਖਾ ਹੈ ਪਰ ਨਾ-ਮੁਮਕਿਨ ਨਹੀਂ।

## ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥

ਜੋ ਵੀ ਆਕਾਰ ਵਾਲਾ ਹੈ ਉਹ ਕਿਸੇ ਨਾ ਕਿਸੇ ਕਾਰ (ਕੰਮ) ਲੱਗਾ ਹੋਇਆ ਹੈ। ਉਹ ਕੀ ਕਾਰ ਕਰਦਾ ਹੈ ਇਹ ਪ੍ਰਭੂ ਦੇ ਹੁਕਮ ਤੇ ਨਿਰਭਰ ਹੈ। ਉਸ ਦੇ ਹੁਕਮ ਅਨੁਸਾਰ ਮਨੁੱਖੀ ਸੁਭਾ ਨੂੰ ਤਿੰਨ ਗੁਣਾਂ ਵਾਲਾ ਕਿਹਾ ਗਿਆ ਹੈ: (੧) ਆਲਸੀ, ਸੁਸਤ, ਨਿਰਉਤਸਾਹ, ਭੈੜੇ ਸੁਭਾ ਵਾਲਾ (**ਤਮੋ ਗੁਣੀ**) (੨) ਬਹੁਤ ਭੱਜ ਦੌੜ ਕਰਨ ਵਾਲਾ, ਕੰਮ-ਕਾਜ ਵਿਚ ਉਲਝਿਆ ਹੋਇਆ (**ਰਜੋ ਗੁਣੀ**) (੩) ਸ਼ਾਂਤ, ਧਰਮੀ, ਪ੍ਰੇਮੀ, ਚੰਗੇ ਗੁਣਾਂ ਵਾਲਾ (**ਸਤੋ ਗੁਣੀ**)। ਪਰ ਸਵਾਲ ਹੈ ਕਿ ਰੱਬ ਮਨੁੱਖ ਵਿਚ ਇਹ ਗੁਣ ਕਿਸ ਆਧਾਰ ਤੇ ਪਾਂਦਾ ਹੈ?

ਸਾਰਾ ਬ੍ਰਹਿਮੰਡ ਪ੍ਰਭੂ ਦੀ ਲੀਲਾ ਹੈ। ਉਸ ਰਾਹੀਂ ਉਸ ਨੇ ਇਕ ਖੇਡ (ਡਰਾਮਾ) ਰਚਿਆ ਹੈ। ਉਸ ਖੇਡ ਨੂੰ ਖੇਡਣ ਲਈ ਵੱਖ-ਵੱਖ ਪਾਤਰਾਂ ਨੂੰ ਵੱਖੋ-ਵੱਖ ਰੋਲ (ਕੰਮ) ਦਿੱਤੇ ਜਾਂਦੇ ਹਨ। ਜਿਵੇਂ ਸਿਨੇਮਾ ਦੀ ਪਹਿਲਾਂ ਕਹਾਣੀ ਲਿਖੀ ਜਾਂਦੀ ਹੈ, ਫਿਰ ਉਸ ਕਹਾਣੀ ਵਿਚ ਦਰਸਾਈ ਕਾਰ ਲਈ ਪਾਤਰ (Actor) ਚੁਣੇ ਜਾਂਦੇ ਹਨ। ਮਸਲਨ ਇਕ ਕਹਾਣੀ ਹੈ ਕਿ ਇਕ ਸੁੰਦਰ ਜ਼ਨਾਨੀ ਹੈ, ਉਸ ਦਾ ਪਤੀ ਸ਼ਰਾਬੀ ਹੈ ਤੇ ਨਖੱਟੂ ਹੈ, ਉਹ ਔਰਤ ਔਖੀ ਸੌਖੀ ਹੋ ਕੇ ਆਪਣੇ ਪੁੱਤਰ ਤੇ ਧੀ ਨੂੰ ਪਾਲਦੀ ਹੈ। ਪੁੱਤਰ ਹੁਸ਼ਿਆਰ ਨਿਕਲਦਾ ਹੈ, ਪੜ੍ਹ ਕੇ ਚੰਗੀ ਨੌਕਰੀ ਲੱਭ ਲੈਂਦਾ ਹੈ। ਪਰ ਵਿਆਹ ਕਰਕੇ ਆਪਣੇ ਮਾਂ-ਪਿਉ ਨੂੰ ਛੱਡ ਕੇ ਅੱਡ ਰਹਿਣ ਲੱਗਦਾ ਹੈ ਤੇ ਉਨ੍ਹਾਂ ਦੀ ਕੋਈ ਮੱਦਦ ਨਹੀਂ ਕਰਦਾ। ਧੀ ਭੈੜੇ ਰਸਤੇ ਪੈ ਕੇ ਬਿਨ-ਵਿਆਹੀ ਮਾਂ ਬਣ ਜਾਂਦੀ ਹੈ। ਘਰ ਵਾਲਾ ਇਕ ਰਾਤੀਂ ਸ਼ਰਾਬ ਦੇ ਨਸ਼ੇ ਵਿਚ ਘਰੋਂ ਨਿਕਲਦਾ ਹੈ ਤੇ ਮੋਟਰ ਥੱਲੇ ਆ ਕੇ ਮਰ ਜਾਂਦਾ ਹੈ। ਦੁੱਖੀ, ਬੇ-ਸਹਾਰਾ ਵਿਧਵਾ ਗੁਰਦੁਆਰੇ ਆਉਂਦੀ



Digitized by Panjab Digital Library | www.panjabdigilib.org

ਹੈ ਜਿਥੇ ਸੁਖਮਨੀ ਸਾਹਿਬ ਦੀ ੧੧ਵੀਂ ਅਸਟਪਦੀ ਪੜ੍ਹੀ ਜਾ ਰਹੀ ਹੈ—

— ਹੁਕਮੇਂ ਊਚ ਨੀਚ ਬਿਉਹਾਰ । ਹੁਕਮੇ ਅਨਿਕ ਰੰਗ ਪਰਕਾਰ ॥
ਕਰ ਕਰ ਦੇਖੈ ਆਪਨੀ ਵਡਿਆਈ ॥
ਨਾਨਕ ਸਭ ਮਹਿ ਰਹਿਆ ਸਮਾਈ ॥

(ਪੰਨਾ ੨੭੭)

— ਜੋ ਭਾਵੈ ਸੋ ਕਾਰ ਕਰਾਵੈ । ਨਾਨਕ ਦ੍ਰਿਸਟੀ ਅਵਰੁ ਨ ਆਵੈ ॥
— ਕਹੁ ਮਨੁਖ ਤੇ ਕਿਆ ਹੋਇ ਆਵੈ । ਜੋ ਤਿਸੁ ਭਾਵੈ ਸੋਈ ਕਰਾਵੈ ॥

(ਪੰਨਾ ੨੭੭)

— ਆਗਿਆਕਾਰੀ ਬਪੁਰਾ ਜੀਉ । ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥
ਕਬਹੂ ਊਚ ਨੀਚ ਮਹਿ ਬਸੈ । ਕਬਹੂ ਸੋਗ ਹਰਖ ਰੰਗਿ ਹਸੈ ॥

(ਪੰਨਾ ੨੭੭)

ਉਸ ਦੁਖਿਆਰੀ ਨੂੰ ਸਮਝ ਆਉਂਦੀ ਹੈ ਕਿ ਪ੍ਰਭੂ ਨੇ ਆਪਣੇ ਡਰਾਮੇ ਵਿਚ ਉਸ ਨੂੰ ਦੁਖਿਆਰੀ ਦਾ ਕੰਮ ਦੇ ਦਿੱਤਾ ਹੈ, ਘਰ ਵਾਲੇ ਨੂੰ ਸ਼ਰਾਬੀ ਬਣਾ ਦਿੱਤਾ ਹੈ, ਪੁੱਤਰ ਨੂੰ ਬੇਹਿਰਿਸ ਬਣਾ ਦਿੱਤਾ ਹੈ, ਤੇ ਧੀ ਨੂੰ ਬਦਚਲਨ ਦਾ ਕੰਮ ਦੇ ਦਿੱਤਾ ਹੈ । ਉਹ ਦੁਖਿਆਰੀ ਸੋਚਦੀ ਹੈ ਕਿ ਮੈਨੂੰ ਹੀ ਕਿਉਂ ਦੁਖਿਆਰੀ ਦਾ ਰੋਲ ਦਿੱਤਾ, ਮੈਨੂੰ ਹੀ ਕਿਉਂ ਦੁਖੀ ਤੇ ਵਿਧਵਾ ਬਣਾਇਆ । ਪਰ ਕਿਸੇ ਵੀ ਡਰਾਮੇ ਵਿਚ ਨਾ ਸਾਰੇ ਚੰਗੇ ਆਦਮੀ ਹੋ ਸਕਦੇ ਹਨ ਤੇ ਨਾ ਸਾਰੇ ਮਾੜੇ । ਜੇ ਕਈ ਮਾਰਨ ਵਾਲਾ ਹੈ ਤਾਂ ਨਾਲ ਹੀ ਮਾਰ ਖਾਣ ਵਾਲਾ ਵੀ ਚਾਹੀਦਾ ਹੈ, ਜੇ ਕੋਈ ਮਾਲਕ ਹੈ ਤਾਂ ਨਾਲ ਹੀ ਮਜਦੂਰ ਵੀ ਚਾਹੀਦਾ ਹੈ, ਜੇ ਕੋਈ ਹੀਰੋ ਹੈ ਤੇ ਨਾਲ ਹੀ ਜ਼ੀਰੋ (ਵਿਲਨ) ਵੀ ਹੋਣਾ ਚਾਹੀਦਾ ਹੈ । ਡਰਾਮੇ ਨੂੰ ਅੱਗੇ ਤੋਰਨ ਲਈ ਕਿਸੇ ਨ ਕਿਸੇ ਨੂੰ ਤਾਂ ਮੰਦਾ ਕੰਮ ਕਰਨਾ ਹੀ ਪਏਗਾ । ਗੁਰਵਾਕ ਹੈ—

— ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥ ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥
ਜੋ ਤਿਸੁ ਭਾਵੈ ਸੋਈ ਹੋਇ । ਨਾਨਕ ਦੂਜਾ ਅਵਰੁ ਨ ਕੋਇ ।

(ਪੰਨਾ ੨੭੮)



Digitized by Panjab Digital Library | www.panjabdigilib.org

— ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ ॥
ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ ॥
ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗ ਗਤੀ ॥

(ਪੰਨਾ ੧੩੮)

— ਬਾਜੀਗਰ ਇਕ ਬਾਜੀ ਪਾਈ । ਪੂਰੇ ਗੁਰ ਤੇ ਨਦਰੀ ਆਈ ॥

(ਪੰਨਾ ੧੦੬੧)

— ਬਾਜਹਿ ਬਾਜੇ ਧੁਨਿ ਆਕਾਰਾ । ਆਪਿ ਵਜਾਏ ਵਜਾਵਣਹਾਰਾ ॥
ਘਟਿ ਘਟਿ ਪਉਣੁ ਵਹੈ ਇਕ ਰੰਗੀ ਮਿਲਿ ਪਵਣੈ ਸਭ ਵਜਾਇਦਾ ॥

(ਪੰਨਾ ੧੦੬੧)

— ਬਾਜੀਗਰਿ ਜੈਸੇ ਬਾਜੀ ਪਾਈ । ਨਾਨਾ ਰੂਪ ਭੇਖ ਦਿਖਲਾਈ ॥
ਸਾਂਗ ਉਤਾਰਿ ਥੰਮਿਓ ਪਾਸਾਰਾ । ਤਬ ਏਕੋ ਏਕੰਕਾਰਾ ॥

(ਪੰਨਾ ੭੩੬)

ਫਿਰ ਵੀ ਉਹ ਦੁਖਿਆਰੀ ਵਿਧਵਾ ਸੋਚਦੀ ਰਹਿੰਦੀ ਹੈ ਕਿ ਮੈਨੂੰ ਹੀ ਦੁਖੀ ਪ੍ਰਾਣੀ ਕਿਉਂ ਬਣਾਇਆ ? ਉਸ ਦੇ ਦੁਖੀ ਹੋਣ ਦਾ ਕਾਰਣ ਇਹੀ ਹੈ ਕਿ ਉਹ ਭੁਲ ਗਈ ਹੈ ਕਿ ਉਸ ਦਾ ਜੀਵਨ ਇਕ ਸਵਾਂਗ ਹੈ, ਇਕ ਡਰਾਮਾ ਹੈ ਤੇ ਉਹ ਇਸ ਡਰਾਮੇ ਵਿਚ ਕਲਾਕਾਰ ਹੈ । ਇਸ ਭੁਲ ਕਰਕੇ ਹੀ ਉਹ ਦੁਖੀ ਹੁੰਦੀ ਹੈ । ਜੇ ਉਹ ਚੇਤੇ ਰੱਖ ਸਕੇ ਕਿ ਜੀਵਨ ਵਿਚ ਜੋ ਹੋ ਰਿਹਾ ਹੈ ਉਹ ਅਸਲ ਨਹੀਂ, ਭਰਮ ਹੈ, ਤਾਂ ਦੁਖੀ ਹੋਣ ਦਾ ਕੋਈ ਕਾਰਣ ਨਹੀਂ ਰਹਿ ਜਾਂਦਾ । ਅਸੀਂ ਡਰਾਮੇ ਵਿਚ ਨਕਲ (ਸਵਾਂਗ) ਨੂੰ ਅਸਲ ਸਮਝ ਲੈਂਦੇ ਹਾਂ ਤੇ ਇਸ ਭਰਮ ਕਾਰਣ ਦੁਖੀ ਹੁੰਦੇ ਹਾਂ । ਸਮਝੋ ਇਕ ਫਿਲਮ ਐਕਟਰ ਹੈ । ਉਹ ਮਹਾਂਭਾਰਤ ਦੇ ਸੀਰੀਅਲ ਵਿਚ ਕ੍ਰਿਸ਼ਨ ਭਗਵਾਨ ਬਣਦਾ ਹੈ । ਬੜਾ ਨਾਂ ਹੈ, ਸਤਿਕਾਰ ਹੈ । ਫਿਰ ਉਹ ਕਿਸੇ ਹੋਰ ਫਿਲਮ ਵਿਚ ਦੰਤ-ਮੰਜਨ ਵੇਚਦਾ ਦਿਖਾਇਆ ਗਿਆ ਹੈ । ਕਿੰਨੇ ਦੁਖ ਦੀ ਗਲ ਹੈ ਕਿ ਕ੍ਰਿਸ਼ਨ ਭਗਵਾਨ ਦੰਦਾਂ ਦੇ ਮੰਜਨ ਦਾ ਵਿਕਰੇਤਾ ਹੋ ਜਾਏ, ਪਰ ਪਾਰਟ ਕਰਨ ਵਾਲਾ



Digitized by Panjab Digital Library | www.panjabdigilib.org

ਕ੍ਰਿਸ਼ਨ ਹੁੰਦਿਆਂ ਹੋਇਆਂ ਵੀ ਚੇਤੇ ਰੱਖਦਾ ਹੈ ਕਿ ਉਹ ਇਕ ਸਵਾਂਗ ਕਰ ਰਿਹਾ ਹੈ, ਉਹ ਕੋਈ ਕ੍ਰਿਸ਼ਨ ਭਗਵਾਨ ਨਹੀਂ ਤੇ ਇਸ ਲਈ ਉਸ ਨੂੰ ਮਾਨ-ਗੁਮਾਨ ਪਾਲਣ ਦੀ ਲੋੜ ਨਹੀਂ। ਫਿਰ ਜਦੋਂ ਉਹ ਦੰਤ-ਮੰਜਨ ਵੇਚਦਾ ਹੈ ਤਾਂ ਵੀ ਉਹ ਚੇਤੇ ਰੱਖਦਾ ਹੈ ਕਿ ਇਹ ਉਸ ਦਾ ਅਸਲੀ ਰੂਪ ਨਹੀਂ। ਇਸੇ ਲਈ ਉਹ ਦੁਖੀ ਨਹੀਂ ਹੁੰਦਾ। ਹੋਰ ਸਮਝੋ। ਕਿਸੇ ਫਿਲਮ ਵਿਚ ਕੋਈ ਰਮਾਇਣ ਦੀ ਸੀਤਾ ਬਣਦੀ ਹੈ ਤੇ ਅਗਲੀ ਫਿਲਮ ਵਿਚ ਕਿਸੇ ਮੁਸਲਮਾਨ ਬਾਦਸ਼ਾਹ (ਟੀਪੂ) ਦੀ ਮਾਂ। ਕਿੱਥੇ ਹਿੰਦੂਆਂ ਦੀ ਸੀਤਾ ਤੇ ਕਿੱਥੇ ਸਾਧਾਰਣ ਰਾਜੇ ਦੀ ਘਰ ਵਾਲੀ। ਪਰ ਕਲਾਕਾਰ ਨੂੰ ਨਾ ਪਹਿਲੇ ਕੰਮ ਲਈ ਕੋਈ ਅਨੰਦ ਸੀ ਤੇ ਨਾ ਦੂਸਰੇ ਲਈ ਗ਼ਮ, ਕਿਉਂਕਿ ਉਹ ਜਾਣਦੀ ਹੈ ਕਿ ਉਹ ਇਕ ਸਵਾਂਗ ਕਰ ਰਹੀ ਹੈ ਤੇ ਉਸ ਦਾ ਅਸਲੀ ਰੂਪ ਵਖਰਾ ਹੈ।

ਦੁਰਭਾਗਵਸ ਅਸੀਂ ਭੁੱਲ ਜਾਂਦੇ ਹਾਂ ਕਿ ਅਸੀਂ ਵੀ ਜੀਵਨ ਵਿਚ ਵਾਹਿਗੁਰੂ ਵਲੋਂ ਰਚਾਏ ਡਰਾਮੇ ਵਿਚ ਇਕ ਭੂਮਿਕਾ ਨਿਭਾ ਰਹੇ ਹਾਂ। ਇਸ ਨੂੰ ਸਾਡੇ ਅਸਲੇ ਨੂੰ ਪ੍ਰਭਾਵਤ ਨਹੀਂ ਕਰਨਾ ਚਾਹੀਦਾ, ਪਰ ਅਸੀਂ ਸਵਾਂਗ ਨਾਲ ਐਨੇ ਚਿਪਕ ਜਾਂਦੇ ਹਾਂ ਕਿ ਨਕਲ ਨੂੰ ਅਸਲ ਸਮਝ ਲੈਂਦੇ ਹਾਂ। ਜਿਨ੍ਹਾਂ ਨੂੰ ਸਾਧ ਸੰਗ ਕਰਕੇ, ਗੁਰ ਸ਼ਬਦ ਸੁਣਨ-ਵਿਚਾਰਨ ਕਰ ਕੇ ਗਿਆਨ ਦਾ ਪ੍ਰਕਾਸ਼ ਮਿਲ ਜਾਂਦਾ ਹੈ ਉਹ ਸਮਝ ਲੈਂਦੇ ਹਨ ਕਿ ਜੀਵਨ ਵਿਚ ਮਿਲਿਆ ਸਥਾਨ ਉਸ ਦਾ ਅਸਲੀ ਸਥਾਨ ਨਹੀਂ। ਫਿਰ ਉਹ ਭਾਈ ਮਤੀ ਦਾਸ ਵਾਂਗ ਆਰਿਆਂ ਵਿਚ ਚਿਰ ਜਾਂਦੇ ਹਨ, ਭਾਈ ਸਤੀ ਦਾਸ ਵਾਂਗ ਅੰਗ-ਅੰਗ ਕਟਵਾ ਲੈਂਦੇ ਹਨ, ਭਾਈ ਦਿਆਲ ਦਾਸ ਵਾਂਗ ਜੀਊਂਦੇ ਸੜਨ ਨੂੰ ਤਿਆਰ ਰਹਿੰਦੇ ਹਨ। ਉਹ ਜਾਣਦੇ ਹਨ ਕਿ ਇਹ ਸਭ ਵਾਹਿਗੁਰੂ ਦੀ ਲੀਲਾ ਹੈ ਤੇ ਉਹ ਉਸ ਲੀਲਾ ਵਿਚ ਇਕ ਪਾਰਟ ਕਰ ਰਹੇ ਹਨ। ਇਸ ਪਾਰਟ ਨੂੰ ਸ਼ਾਂਤ-ਚਿਤ ਨਿਭਾਣ ਵਿਚ ਸਫ਼ਲ ਹੁੰਦੇ ਹਨ ਕਿਉਂਕਿ ਉਹ ਆਪਣੇ ਗੁਰੂਆਂ ਦੇ ਬਚਨ ਚੇਤੇ ਰੱਖ ਸਕਦੇ ਹਨ। ਉਹ ਜਾਣਦੇ ਹਨ ਕਿ ਇਹ ਉਨ੍ਹਾਂ ਦਾ ਅਸਲੀ ਰੂਪ ਨਹੀਂ, ਅਸਲੀ ਸਥਾਨ ਨਹੀਂ। ਉਨ੍ਹਾਂ ਦਾ ਅਸਲੀ ਸਥਾਨ ਉਹ ਹੈ ਜਿਹੜਾ ਬਦਲਦਾ ਨਹੀਂ, ਜਿਹੜਾ ਨਾਸ-ਰਹਿਤ ਹੈ। ਉਸ ਦਾ ਅਸਲੀ ਸਥਾਨ ਡਰਾਮੇ ਦੇ ਰਚੇਤਾ ਕੋਲ ਹੈ, ਡਰਾਮੇ ਵਿਚ ਨਹੀਂ। ਜਦੋਂ ਇਹ ਸਮਝ ਆ ਜਾਂਦੀ ਹੈ ਤਾਂ ਉਸ ਨੂੰ ਮੁੜ ਜੂਨ ਵਿਚ ਆਉਣ ਦੀ ਵੀ ਲੋੜ ਨਹੀਂ ਰਹਿੰਦੀ। ਉਸ ਨੂੰ ਆਪਣੀ ਆਤਮਾ ਦਾ ਗਿਆਨ ਹੋ ਜਾਂਦਾ ਹੈ ਤੇ ਉਸ ਦੀ ਆਤਮਾ ਪਰਮਾਤਮਾ ਵਿਚ ਲੀਨ ਹੋ ਜਾਂਦੀ



Digitized by Panjab Digital Library | www.panjabdigilib.org

ਹੈ । ਗੁਰਵਾਕ ਹੈ—

— ਕਬਹੂ ਸਾਧ ਸੰਗਤਿ ਇਹੁ ਪਾਵੈ ॥
ਉਸੁ ਅਸਥਾਨ ਤੇ ਬਹੁਰਿ ਨ ਆਵੈ ॥
ਅੰਤਰਿ ਹੋਇ ਗਿਆਨ ਪਰਗਾਸੁ ॥
ਉਸੁ ਅਸਥਾਨ ਕਾ ਨਹੀ ਬਿਨਾਸੁ ॥
ਮਨ ਤਨ ਨਾਮਿ ਰਤੇ ਇਕ ਰੰਗਿ ॥
ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥
ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸ੍ਰਾਮ ॥
ਨਾਨਕ ਪ੍ਰਭ ਕੈ ਸਦ ਕੁਰਬਾਨ ॥

(ਪੰਨਾ ੨੭੮)

ਮਨੁੱਖ ਸਮਝ ਲੈਂਦਾ ਹੈ ਕਿ ਜੀਵਨ ਦਾ ਪਾਰਟ ਇਕ ਖੇਲ ਤਮਾਸ਼ੇ ਤੋਂ ਵਧ ਕੁਝ ਨਹੀਂ । ਮਨੁੱਖ ਨੇ ਬਾਜ਼ੀਗਰ ਦਾ ਪਾਰਟ ਕਰ ਕੇ ਸੰਸਾਰ (ਗੋਇਲੜਾ) ਤੋਂ ਚਲਾ ਜਾਣਾ ਹੈ । ਉਹ ਮਨੁੱਖ ਇਵੇਂ ਸਮਝਦਾ ਹੈ ਕਿ ਜੀਵਨ ਵਿਚ ਜੋ ਕੀਤਾ ਸੀ ਉਹ ਇਕ ਸੁਪਨੇ ਵਿਚ ਕੀਤੇ ਕੰਮ ਵਾਂਗ ਸੀ ਜਿਸ ਲਈ ਦੁਖੀ ਹੋਣ (ਭਖਲਾਣ) ਦੀ ਕੋਈ ਗੱਲ ਨਹੀਂ । ਉਸ ਦੇ ਦੁਖ-ਸੁਖ ਦਾ ਨਾਸ ਹੋ ਜਾਂਦਾ ਹੈ ।

— ਐਥੈ ਗੋਇਲੜਾ ਦਿਨ ਚਾਰੇ । ਖੇਲੁ ਤਮਾਸਾ ਧੁੰਧੂਕਾਰੇ ॥
ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ ॥

(ਪੰਨਾ ੧੦੨੩)

ਹੁਣ ਇਸ ਦੁਖਿਆਰੀ ਵਿਧਵਾ (ਸਾਡੀ ਕਹਾਣੀ ਵਾਲੀ) ਨੂੰ ਵਾਹਿਗੁਰੂ ਵਲੋਂ ਰਚੇ ਡਰਾਮੇ ਤੇ ਉਸ ਵਿਚ ਉਸ ਨੂੰ ਮਿਲੀ ਭੂਮਿਕਾ ਦੀ ਸਮਝ ਆ ਜਾਂਦੀ ਹੈ । ਇਸ


Digitized by Panjab Digital Library | www.panjabdigilib.org

ਗਿਆਨ ਦੇ ਪ੍ਰਕਾਸ਼ ਵਿਚ ਉਸ ਦੇ ਸਾਰੇ ਦੁਖ ਵੀ ਸੁਪਨੇ ਵਾਂਗ ਤਿਰੋਹਿਤ ਹੋ ਜਾਂਦੇ ਹਨ। ਸੋ ਅਸਲੀ ਗੱਲ ਹੈ ਹੁਕਮ ਪਛਾਨਣਾ ਤੇ ਉਸ ਮੁਤਾਬਕ ਕਾਰ ਕਰਨਾ।

**ਵੇਖੈ ਵਿਗਸੈ ਕਰਿ ਵੀਚਾਰੁ। ਨਾਨਕ ਕਥਨਾ ਕਰੜਾ ਸਾਰੁ ॥**

ਵਾਹਿਗੁਰੂ ਵਿਚਾਰਦਾ ਰਹਿੰਦਾ ਹੈ ਕਿ ਕੀ ਮਨੁੱਖ ਆਪਣੇ ਦਿੱਤੇ ਪਾਰਟ ਨੂੰ ਸਵਾਂਗ ਸਮਝ ਕੇ ਕਰ ਰਿਹਾ ਹੈ ਜਾਂ ਉਸ ਨੇ ਆਪਣੇ ਆਪ ਨੂੰ ਉਸ ਕਿਰਦਾਰ ਨਾਲ ਜੋੜ ਲਿਆ ਹੈ। ਵਾਹਿਗੁਰੂ ਪ੍ਰਸੰਨ ਹੁੰਦਾ ਹੈ ਜਦੋਂ ਉਹ ਦੇਖਦਾ ਹੈ ਕਿ ਕਿਸੇ ਜੀਵ ਆਤਮਾ ਨੇ ਆਪਣਾ ਅਸਲੀ ਰੂਪ ਪਛਾਣ ਲਿਆ ਹੈ ਤੇ ਹੁਣ ਨਾ ਉਹ ਦੁਖੀ ਹੈ ਤੇ ਨਾ ਸੁਖੀ। ਉਹ ਅਨੰਦ ਵਿਚ ਹੈ।

ਕਥਨਾ ਮੁਮਕਿਨ ਨਹੀਂ ਕਿ ਵਾਹਿਗੁਰੂ ਨੇ ਕਿਸ ਪ੍ਰਕਾਰ ਦਾ ਡਰਾਮਾ ਲਿਖਿਆ ਹੈ, ਕਿਸੇ ਨੂੰ ਚੰਗਾ ਤੇ ਕਿਸੇ ਨੂੰ ਮੰਦਾ ਪਾਰਟ ਕਿਸ ਆਧਾਰ ਤੇ ਦਿੱਤਾ ਹੈ, ਕਿੰਨੀ ਦੇਰ ਕਿਸੇ ਜੀਵ ਨੂੰ ਉਸ ਡਰਾਮੇ ਵਿਚ ਪਾਈ ਰੱਖਣਾ ਹੈ ਤੇ ਅਖੀਰ ਵਿਚ ਉਸ ਜੀਵ ਦਾ ਸੁਪਨਾ ਕਿਵੇਂ ਟੁਟੇਗਾ। ਇਸ ਨੂੰ ਬਿਆਨਣਾ ਇੰਨਾ ਹੀ ਮੁਸ਼ਕਲ ਹੈ ਜਿੰਨਾ ਕਰੜੇ ਲੋਹੇ (ਸਾਰ) ਨੂੰ ਦੰਦਾਂ ਨਾਲ ਚਬਾਣਾ। "ਕਰੜਾ ਸਾਰੁ" ਦਾ ਅਰਥ ਹੈ ਸਖਤ (ਫੌਲਾਦੀ) ਲੋਹਾ। "ਸਾਰੁ" ਦੇ ਥੱਲੇ ਔਂਕੜ ਹੋਣ ਕਰਕੇ ਇਸ ਦਾ ਅਰਥ "ਲੋਹਾ" ਹੈ। ਜੇ ਔਂਕੜ ਨਾ ਹੋਏ ਤੇ ਲਿਖਿਆ ਜਾਏ "ਸਾਰ" ਤਾਂ ਉਸ ਦਾ ਅਰਥ ਹੋਏਗਾ "ਖਬਰ ਲੈਣੀ, ਪਤਾ ਕਰਨਾ, ਸਾਰ ਲੈਣੀ।"

ਜਿਵੇਂ ਦੰਦਾਂ ਨਾਲ ਫੌਲਾਦੀ ਲੋਹੇ ਨੂੰ ਚਬਾਇਆ ਨਹੀਂ ਜਾ ਸਕਦਾ, ਇਵੇਂ ਹੀ ਵਾਹਿਗੁਰੂ ਦੇ ਡਰਾਮੇ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

ਅੱਜ ਸਾਡੀ "ਧਰਮ ਖੰਡਿ" ਤੋਂ ਲੈ ਕੇ "ਸਚ ਖੰਡਿ" ਦੀ ਯਾਤਰਾ ਖਤਮ ਹੁੰਦੀ ਹੈ। ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਸਵਾਲ ਉਠਾਇਆ ਗਿਆ ਸੀ, "ਕਿਵ ਸਚਿਆਰਾ ਹੋਈਐ" ਤੇ ਗੁਰੂ ਜੀ ਨੇ ਜਵਾਬ ਦਿੱਤਾ ਸੀ, "ਹੁਕਮਿ ਰਜਾਈ ਚਲਣਾ"। ਅਸੀਂ ਇਸ ਦਾ ਅਰਥ ਸਮਝਿਆ ਕਿ ਵਾਹਿਗੁਰੂ ਦੇ ਹੁਕਮ ਵਿਚ ਸਾਨੂੰ ਜੀਵਨ ਦੀ ਖੇਡ ਵਿਚ ਜੋ ਵੀ ਕਾਰ ਦਿੱਤੀ ਗਈ ਹੈ ਉਸ ਨੂੰ ਖਿੜੇ ਮੱਥੇ ਨਿਭਾਉਣਾ ਹੈ ਤੇ ਚੇਤੇ ਰਖਣਾ ਹੈ ਕਿ ਇਹ ਸਭ ਵਡੇ ਡਾਇਰੈਕਟਰ ਦਾ ਡਰਾਮਾ ਹੈ ਤੇ ਉਸ ਵਿਚ ਮਨੁੱਖ ਇਕ ਛੋਟਾ ਜਿਹਾ ਚੰਗਾ-ਮੰਦਾ ਕਲਾਕਾਰ ਹੈ। ਜਪੁ ਜੀ ਸਾਹਿਬ



Digitized by Panjab Digital Library | www.panjabdigilib.org

ਦੀ ਅਖੀਰਲੀ ਤੇ ਪਹਿਲੀ ਪਉੜੀ ਵੀ ਇਸੇ ਵਿਚਾਰ ਤੇ ਖਤਮ ਹੁੰਦੀ ਹੈ ਕਿ ਜਿਸ ਤਰ੍ਹਾਂ ਦਾ ਹੁਕਮ ਹੁੰਦਾ ਹੈ ਉਸ ਤਰ੍ਹਾਂ ਦੀ ਹੀ ਕਾਰ ਜੀਵ ਆਤਮਾ ਨੂੰ ਮਿਲ ਜਾਂਦੀ ਹੈ । "ਜਿਵੈ ਜਿਵੈ ਹੁਕਮਿ ਤਿਵੈ ਤਿਵ ਕਾਰ" । ਵਾਹਿਗੁਰੂ ਕਰੇ ਅਸੀਂ ਜੀਵਨ ਦੀ ਇਸ ਖੇਡ ਨੂੰ ਸਮਝੀਏ ਤੇ ਆਪਣਾ ਦਿੱਤਾ ਖੇਡ ਖੇਡ ਕੇ ਆਪਣੇ ਨਿਜ ਘਰ ਮੁੜ ਜਾਈਏ । ਜੀਵ ਰੂਪੀ ਇਸਤਰੀ ਦਾ ਆਪਣੇ ਪਿਆਰੇ ਨਾਲ ਮਿਲਾਪ (ਵਿਆਹ) ਹੋ ਜਾਏ । ਗੁਰਵਾਕ ਹੈ—

— ਕਰਿ ਕਿਰਪਾ ਅਪਨੈ ਘਰਿ ਆਇਆ
ਤਾ ਮਿਲਿ ਸਖੀਆ ਕਾਜੁ ਰਚਾਇਆ ॥
ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥
(ਪੰਨਾ ੩੫੧)

○ ○



Digitized by Panjab Digital Library | www.panjabdigilib.org

B-0851

Digitized by Panjab Digital Library | www.panjabdigilib.org



ਅਸੀਂ ਰਮਾਇਣ ਬਹੁਤ ਦੇਖੀ ਪੜ੍ਹੀ ਸੁਣੀ ਹੈ। ਟੀ. ਵੀ. ਤੇ ਵੀ ਸਾਰੀ ਰਾਮਾਇਣ ਦਿਖਾਈ ਗਈ ਸੀ। ਰਾਮਾਇਣ ਦੇ ਮੁੱਖ ਪਾਤਰ ਤਿੰਨ ਹਨ—ਸੀਤਾ, ਰਾਮ ਤੇ ਰਾਵਣ। ਅਸਲ ਵਿਚ ਇਹ ਪ੍ਰਤੀਕ ਹਨ। ਇਤਿ-ਹਾਸ ਵਿਚ ਰਾਮ ਹੋਇਆ ਹੋਏ, ਨਾ ਹੋਇਆ ਹੋਏ, ਇਸ ਨਾਲ ਇਥੇ ਬ੍ਹਿਸ ਨਹੀਂ। ਅਸਲ ਵਿਚ ਇਹ ਮੁੱਖ ਪਾਤਰ ਮਨੁੱਖੀ ਮਨ ਦੀ ਦਸ਼ਾ ਦਰਸਾ-ਉਂਦੇ ਹਨ। ਸੀਤਾ ਹੈ ਜੀਵ ਰੂਪੀ ਇਸਤਰੀ, ਰਾਮ ਹੈ ਭਗਵਾਨ ਜਿਸ ਨੂੰ ਜੀਵ ਰੂਪੀ ਇਸਤਰੀ ਨੇ ਪਾਣਾ ਹੈ ਤੇ ਰਾਵਣ ਹੈ ਕਾਮਨਾਵਾਂ ਜਿਸ ਨੇ ਜੀਵ ਰੂਪੀ ਇਸਤਰੀ (ਸੀਤਾ) ਨੂੰ ਆਪਣੇ ਕਬਜ਼ੇ ਵਿਚ ਕੀਤਾ ਹੋਇਆ ਹੈ। ਰਾਵਣ ਕੋਲ ਬੇਅੰਤ ਦੌਲਤ ਹੈ, ਉਸ ਦੀ ਸਾਰੀ ਨਗਰੀ (ਲੰਕਾ) ਹੀ ਸੋਨੇ ਦੀ ਬਣੀ ਹੋਈ ਹੈ। ਰਾਵਣ ਮਹਾਂ-ਸ਼ਕਤੀਸ਼ਾਲੀ ਹੈ ਕਿਉਂਕਿ ਉਸ ਨੇ ਸਾਰੇ ਦੇਵਤੇ ਜਿੱਤੇ ਹੋਏ ਹਨ—ਉਸ ਦੀ ਰਸੋਈ ਵਿਚ ਸੂਰਜ ਦੇਵਤਾ ਚਾਕਰੀ ਕਰਦਾ ਹੈ, ਪਵਨ ਦੇਵਤਾ ਝਾੜੂ ਕਰਦਾ ਹੈ। ਉਹ ਸਭ ਪ੍ਰਕਾਰ ਦੇ ਸੰਸਾਰਕ ਪਦਾਰਥਾਂ ਦਾ ਮਾਲਕ ਹੈ ਤੇ ਸਾਡੀਆਂ ਸਸਾਰਕ ਇੱਛਾਵਾਂ ਪੂਰੀਆਂ ਕਰ ਸਕਦਾ ਹੈ। ਸੀਤਾ ਰਾਵਣ ਦੇ ਕਬਜ਼ੇ ਵਿਚ ਹੈ, ਯਾਨੀ ਜੀਵ ਰੂਪੀ ਇਸਤਰੀ ਕਾਮਨਾਵਾਂ ਦੇ ਵਸ ਵਿਚ ਹੈ, ਇਸ ਲਈ ਰਾਮ ਨੂੰ ਮਿਲ ਨਹੀਂ ਸਕਦੀ। ਰਾਮ ਨੂੰ ਮਿਲਣ ਲਈ ਸੀਤਾ ਨੂੰ ਰਾਵਣ (ਕਾਮਨਾਵਾਂ) ਦਾ ਸਾਥ ਛੱਡਣਾ ਪਏਗਾ ਪਰ ਜੀਵ (ਸੀਤਾ) ਕਾਮਨਾਵਾਂ (ਰਾਵਣ) ਦਾ ਤਿਆਗ ਕਰਨ ਨੂੰ ਤਿਆਰ ਨਹੀਂ।

Digitized by Panjab Digital Library | www.panjabdigilib.org